# ਮਸੀਹੀ ਪਰਿਵਾਰ ਵਿੱਚ ਬੱਚਿਆਂ ਦਾ ਪਾਲਣ ਪੋਸ਼ਣ

ਫ੍ਰੈਂਕਲਿਨ ਦੇ ਨੋਟਸ

ਜ਼ਬੂਰ 127:3 ਵੇਖੋ, **ਬੱਚੇ ਯਹੋਵਾਹ ਵੱਲੋਂ ਮਿਰਾਸ** ਹਨ, ਢਿੱਡ ਦਾ ਫਲ ਇੱਕ ਇਨਾਮ ਹੈ।

❖ ਯਿਸੂ ਬੱਚਿਆਂ ਨਾਲ ਪਿਆਰ ਕਰਦਾ ਹੈ ਅਤੇ ਇੱਕ ਸਖਤ ਚੇਤਾਵਨੀ ਦਿੰਦਾ ਹੈ:

ਤਦ ਯਿਸੂ ਨੇ ਆਖਿਆ, **ਬਾਲਕਾਂ ਨੂੰ** ਕੁਝ ਨਾ ਆਖੋ ਅਰ ਉਨ੍ਹਾਂ ਨੂੰ **ਮੇਰੇ ਕੋਲ ਆਉਣ ਤੋਂ ਨਾ ਵਰਜੋ** ਕਿਉਂ ਜੋ ਸੁਰਗ ਦਾ ਰਾਜ ਇਹੋ ਜਿਹਿਆਂ ਦਾ ਹੈ। ਮੱਤੀ 19:14

1. **ਮਾਪਿਆਂ** ਨੂੰ ਆਪਣੀ ਪੂਰੀ ਸਮਰੱਥਾ ਨਾਲ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਇਸ ਤਰ੍ਹਾਂ ਕਰਨਾ ਚਾਹੀਦਾ ਹੈ ਕਿ ਬੱਚੇ ਆਪਣੇ ਜੀਵਨ ਦੇ ਸ਼ੁਰੂਆਤੀ ਸਮੇਂ ਵਿੱਚ ਹੀ "***ਪਰਮੇਸ਼ੁਰ ਦੇ ਕੋਲ ਆਉਣ***" ਅਤੇ ਪਰਮੇਸ਼ੁਰ ਨਾਲ ਬਣੇ ਰਹਿਣ। ਅਤੇ . . .

2. ਸਾਡੇ ਬੱਚੇ ਪ੍ਰਭੂ ਕੋਲ ਆਉਣ ਤੋਂ "***ਵਰਜੇ ਨਾ ਜਾਣ***" ਇਸ ਦੇ ਲਈ ਜ਼ਰੂਰੀ ਹੈ ਕਿ ਅਸੀਂ ਪ੍ਰਭੂ ਦੀਆਂ ਉਨ੍ਹਾਂ **ਹਿਦਾਇਤਾਂ** ਦੇ ਅਨੁਸਾਰ ਉਨ੍ਹਾਂ ਦਾ ਪਾਲਣ-ਪੋਸ਼ਣ ਕਰੀਏ ਅਤੇ ਉਨ੍ਹਾਂ ਨੂੰ **ਸਿਖਾਈਏ** ਜੋ **ਉਸ ਦੇ ਵਚਨ ਬਾਈਬਲ** ਵਿੱਚ ਮਿਲਦੀਆਂ ਹਨ।

ਇਹ ਇੱਕ ਵੱਡੀ ਜ਼ਿੰਮੇਵਾਰੀ ਹੈ ਅਤੇ ਇਸ ਲਈ:

I. ਪਿਤਾ ਨੂੰ ਆਪਣੇ ਬੱਚਿਆਂ ਨੂੰ ਸਿੱਖਿਆ ਦੇਣ ਅਤੇ ਜੀਵਨ ਜਾਚ ਸਿਖਾਉਣ ਵਿੱਚ ਅੱਗੇ ਲੱਗਣਾ ਅਤੇ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ।

ਅਫਸੀਆਂ 6:4 *ਅਤੇ ਹੇ **ਪਿਤਾਓ**, ਤੁਸੀਂ ਆਪਣਿਆਂ ਬਾਲਕਾਂ ਦਾ ਕ੍ਰੋਧ ਨਾ **ਭੜਕਾਓ** ਸਗੋਂ ਪ੍ਰਭੂ ਦੀ **ਸਿੱਖਿਆ** ਅਰ **ਮੱਤ** ਦੇ ਕੇ ਓਹਨਾਂ ਦੀ ਪਾਲਨਾ ਕਰੋ।*

ਘਰ ਦੇ ਵਾਸਤੇ ਉਚਿਤ ਅਤੇ ਸਹੀ ਤਰਤੀਬ ਇਹ ਹੈ: **ਪਿਤਾ** ਪਰਿਵਾਰ ਦਾ **ਮੁਖੀ ਹੈ** (ਅਫਸੀਆਂ 5:23 ਕਿਉਂ ਜੋ ਪਤੀ ਪਤਨੀ ਦਾ ਸਿਰ ਹੈ ਜਿਵੇਂ ਮਸੀਹ ਭੀ ਕਲੀਸਿਯਾ ਦਾ ਸਿਰ ਹੈ। ਉਹ ਤਾਂ ਆਪ ਦੇਹੀ ਦਾ ਬਚਾਉਣ ਵਾਲਾ ਹੈ।) ਅਤੇ ਇਸ ਲਈ ਪਰਮੇਸ਼ੁਰ ਪਿਤਾ ਨੂੰ ਆਪਣੇ ਬੱਚਿਆਂ ਅਤੇ ਪਤਨੀ ਲਈ ਇੱਕ ਚੰਗਾ **ਆਗੂ**, **ਸਿੱਖਿਅਕ** ਅਤੇ **ਉਦਾਹਰਣ** ਬਣਨ ਲਈ ਜਵਾਬਦੇਹ ਠਹਿਰਾਉਂਦਾ ਹੈ।

- ਜਿਵੇਂ ਉੱਪਰ ਦਿੱਤੀ ਆਇਤ ਦਿਖਾਉਂਦੀ ਹੈ, ਪਿਤਾ ਜਾਂ ਕ੍ਰੋਧ ਨੂੰ **ਭੜਕਾਉਂਦਾ** ਹੈ ਅਤੇ ਜਾਂ ਫਿਰ **ਸਿਖਾਉਂਦਾ** ਅਤੇ **ਮੱਤ ਦਿੰਦਾ** ਹੈ। ਉਸ ਦੇ ਫੈਸਲਿਆਂ ਨਾਲ ਹੀ ਪਰਿਵਾਰ ਖੁਸ਼ਹਾਲ ਹੋਵੇਗਾ ਜਾਂ ਦੁੱਖ ਭੋਗੇਗਾ।

- ਪਿਤਾ ਸਿਖਾਉਣ ਦੀ ਕੁਝ ਜ਼ਿੰਮੇਵਾਰੀ ਪਤਨੀ ਨੂੰ ਵੀ ਦੇ ਸਕਦਾ ਹੈ। ਕੁਝ ਚੀਜ਼ਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਉਹ ਬੇਹਤਰ ਢੰਗ ਨਾਲ ਸਿਖਾ ਸਕਦੀ ਹੈ। ਉਹ ਦੋਵੇਂ ਇੱਕ ਟੀਮ ਹਨ।

- ਮਾਤਾ ਅਤੇ ਪਿਤਾ ਵਿਚਾਰ-ਵਟਾਂਦਰਾ ਕਰ ਸਕਦੇ ਹਨ ਅਤੇ ਇਸ ਬਾਰੇ **ਸਹਿਮਤ** ਹੋ ਸਕਦੇ ਹਨ ਕਿ ਕੀ ਸਿਖਾਉਣਾ ਹੈ ਅਤੇ ਕਿਵੇਂ ਸਿਖਾਉਣਾ ਹੈ। ਉਨ੍ਹਾਂ ਨੂੰ ਵਚਨ ਵਿੱਚੋਂ ਖੋਜਣਾ ਚਾਹੀਦਾ ਹੈ ਅਤੇ ਜਵਾਬ ਪਾਉਣ ਲਈ ਮਿਲ ਕੇ ਪ੍ਰਾਰਥਨਾ ਕਰਨੀ ਚਾਹੀਦੀ ਹੈ ਅਤੇ **ਸਹਿਮਤ ਹੋਣਾ ਚਾਹੀਦਾ ਹੈ।**

ਕਹਾਉਤਾਂ 22:6 *ਬਾਲਕ ਨੂੰ ਉਹ ਦਾ ਠੀਕ **ਰਾਹ ਸਿਖਲਾ**, ਤਾਂ ਉਹ ਵੱਡਾ ਹੋ ਕੇ ਵੀ ਉਸ ਤੋਂ ਕਦੀ ਨਾ ਹਟੇਗਾ।*

- ਇੱਕ ਬੱਚਾ ਉਹੋ ਸਿੱਖਦਾ ਹੈ ਜੋ ਉਹ ਆਪਣੇ ਮਾਤਾ ਪਿਤਾ ਤੋਂ **ਦੇਖਦਾ** ਅਤੇ **ਅਨੁਭਵ** ਕਰਦਾ ਹੈ ਕਿ ਇੱਕ ਦੂਸਰੇ ਪ੍ਰਤੀ ਅਤੇ ਜੀਵਨ ਦੇ ਪ੍ਰਤੀ ਉਨ੍ਹਾਂ ਦਾ ਰਵੱਈਆ ਕੀ ਹੈ। ਜੋ ਮੰਮੀ ਅਤੇ ਪਾਪਾ **ਕਰਦੇ** ਹਨ, ਓਹੀ ਬੱਚੇ ਕਰਦੇ ਹਨ। ਜੋ ਮੰਮੀ-ਪਾਪਾ ਲਈ ਮਹੱਤਵਪੂਰਣ ਹੈ ਓਹੀ ਬੱਚਿਆਂ ਲਈ ਮਹੱਤਵਪੂਰਣ ਹੋਵੇਗਾ।

  ਜੋ ਮੰਮੀ-ਪਾਪਾ **ਕਰਦੇ** ਹਨ ਜਾਂ ਜਿਸ **ਢੰਗ** ਨਾਲ ਉਹ ਇੱਕ ਦੂਸਰੇ ਨਾਲ ਅਤੇ ਆਪਣੀ ਦੁਨੀਆਂ ਨਾਲ ਜੁੜੇ ਹੋਏ ਹਨ, ਇਹ ਉਸ ਨਾਲੋਂ ਜਿਆਦਾ **ਪ੍ਰਭਾਵਸ਼ਾਲੀ ਸਿੱਖਿਆ** ਹੈ, ਜੋ ਉਹ ਆਖਦੇ ਹਨ। ਮਾਤਾ-ਪਿਤਾ ਦਾ ਸੋਚ ਵਿਚਾਰ ਅਤੇ ਤੌਰ-ਤਰੀਕਾ ਹੀ ਹੈ ਜਿਸ ਨੂੰ ਬੱਚੇ ਆਪਣੇ ਜੀਵਨ ਜੀਉਣ ਦੇ ਢੰਗ ਵਜੋਂ ਸਵੀਕਾਰ ਕਰਦੇ ਹਨ।

- *ਉਪਦੇਸ਼ ਦੇਣ* ਅਤੇ *ਸਿਖਾਉਣ* ਵਿੱਚ ਅੰਤਰ ਹੈ। **ਉਪਦੇਸ਼ ਦੇਣਾ ਸ਼ਬਦਾਂ** ਅਤੇ **ਉਦਾਹਰਣਾਂ ਦੁਆਰਾ** ਕੀਤਾ ਜਾਂਦਾ ਹੈ। **ਸਿਖਾਉਣਾ** ਆਪਣੇ **ਕੰਮਾਂ** ਅਤੇ **ਮਿਸਾਲਾਂ** ਦੁਆਰਾ ਜਾਂਦਾ ਹੈ। **ਉਪਦੇਸ਼ ਦੇਣ** ਦੁਆਰਾ ਸਿਖਾਏ ਗਏ ਸਬਕਾਂ ਨਾਲ ਜੋ ਸਫਲਤਾ ਮਿਲਦੀ ਹੈ ਉਹ **ਸੀਮਿਤ ਸਫਲਤਾ** ਹੁੰਦੀ ਹੈ। **ਸਿਖਾਉਣ** ਦੁਆਰਾ ਦਿੱਤੇ ਗਏ ਸਬਕਾਂ ਨਾਲ **ਪੂਰੇ ਜੀਵਨ ਭਰ ਅਜਿਹੀ ਸਫਲਤਾ** ਮਿਲਦੀ ਹੈ ਕਿ "*ਉਹ ਵੱਡਾ ਹੋ ਕੇ ਵੀ ਉਸ ਤੋਂ ਕਦੀ ਨਾ ਹਟੇਗਾ*"।

- ਬਹੁਤ ਹੀ ਘੱਟ ਅਜਿਹਾ ਹੁੰਦਾ ਹੈ ਕਿ ਬੱਚੇ ਜੋ ਉਨ੍ਹਾਂ ਸਿੱਖਿਆ ਹੁੰਦਾ ਹੈ ਉਸ ਤੋਂ ਹਟਣ। ਜਿਆਦਾਤਰ ਮਾਮਲਿਆਂ ਵਿੱਚ ਉਹ ਹੋਰ ਵੀ ਉੱਚੇ ਪੱਧਰ 'ਤੇ ਪਹੁੰਚ ਜਾਂਦੇ ਹਨ। ਇਹ ਅਕਸਰ ਲੂਕਾ 6:38 ਵਿੱਚ ਦੱਸੀ ਗਈ ਤਰਤੀਬ ਅਨੁਸਾਰ ਕੰਮ ਕਰਦਾ ਹੈ **ਦਿਓ ਤਾਂ ਤੁਹਾਨੂੰ ਦਿੱਤਾ ਜਾਵੇਗਾ**, ਪੂਰਾ ਮੇਪ ਦੱਬ ਦੱਬ ਕੇ ਹਿਲਾ ਹਿਲਾ ਕੇ ਅਤੇ ਡੁਲ੍ਹਦਾ ਹੋਇਆ ਤੁਹਾਡੇ ਪੱਲੇ ਪਾਉਣਗੇ ਕਿਉਂਕਿ **ਜਿਸ ਮਾਪ ਨਾਲ ਤੁਸੀਂ ਮਿਣਦੇ ਹੋ ਉਸੇ ਨਾਲ ਤੁਹਾਡੇ ਲਈ ਮੁੜ ਮਿਣਿਆ ਜਾਵੇਗਾ**।

  ਜੋ ਤੁਸੀਂ ਆਪਣੇ ਬੱਚਿਆਂ ਨੂੰ ਦਿੰਦੇ ਹੋ (ਬੁਰਾ ਜਾਂ ਭਲਾ) ਉਹ ਉਨ੍ਹਾਂ ਦੇ ਜੀਵਨ ਵਿੱਚ ਉਨ੍ਹਾਂ ਨੂੰ ਵਧ ਕੇ ਵਾਪਸ ਮਿਲੇਗਾ।

  **ਯਾਕੂਬ ਨੇ ਆਪਣੇ ਪਿਤਾ ਨੂੰ ਧੋਖਾ ਦਿੱਤਾ** ਅਤੇ ਇਸ ਦਾ ਨਤੀਜਾ ਇਹ ਹੋਇਆ ਕਿ ਉਸ ਦੇ ਜੀਵਨ ਵਿੱਚ ਕਈ

ਸਾਲ ਕਰੜੀ ਮਿਹਨਤ, ਭੌਤਿਕ ਸਮੱਸਿਆਵਾਂ ਅਤੇ ਪਰਿਵਾਰਕ ਝਗੜੇ ਵਾਲੇ ਆਏ। ਜਿਸ ਤਰ੍ਹਾਂ ਯਾਕੂਬ ਨੇ ਆਪਣੇ ਪਿਤਾ ਦਾ ਨਿਰਾਦਰ ਕੀਤਾ, ਉਸ ਨੂੰ ਝੂਠ ਬੋਲਿਆ ਅਤੇ ਉਸ ਨੂੰ ਧੋਖਾ ਦਿੱਤਾ, **ਉਸੇ ਤਰ੍ਹਾਂ ਉਸ ਦੇ ਪੁੱਤਰਾਂ ਨੇ ਉਸ ਦਾ ਨਿਰਾਦਰ ਕੀਤਾ**। (ਦੇਖੋ: ਉਤਪਤ 37:31-33)।

- ਜੇਕਰ ਮਾਤਾ ਪਿਤਾ ਇਸ ਗੱਲ ਤੇ **ਸਹਿਮਤ** ਨਹੀਂ ਹਨ ਕਿ ਬੱਚਿਆਂ ਨੂੰ ਕੀ ਅਤੇ ਕਿਵੇਂ ਸਿਖਾਉਣਾ ਹੈ ਜਾਂ ਕਿਸੇ ਵੀ ਵਿਸ਼ੇ ਨੂੰ ਲੈ ਕੇ ਪਰਿਵਾਰ ਵਿੱਚ ਮਤਭੇਤ, ਝਗੜੇ ਅਤੇ ਅਸਿਹਮਤੀ ਵਾਲੀ ਆਤਮਾ ਪਰਿਵਾਰ ਵਿੱਚ ਆ ਜਾਂਦੀ ਹੈ, ਜਿਸ ਨਾਲ ਗੰਭੀਰ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਅਤੇ ਜਦੋਂ ਬੱਚੇ ਸਿੱਖ ਰਹੇ ਹਨ, ਤਾਂ ਉਹ ਆਪਣੇ ਵਿਆਹੁਤਾ ਜੀਵਨ ਵਿੱਚ "ਇਸ ਤੋਂ ਨਹੀਂ ਹਟਣਗੇ"।

- ਛੋਟੀ ਉਮਰ ਵਿੱਚ ਹੀ ਬੱਚੇ **ਟੈਲੀਵਿਜ਼ਨ** ਅਤੇ **ਦੋਸਤਾਂ** ਤੋਂ ਸਿੱਖਣਾ ਸ਼ੁਰੂ ਕਰ ਦਿੰਦੇ ਹਨ, ਅਕਸਰ ਇਸ ਦਾ ਉਸ ਨਾਲੋਂ ਜਿਆਦਾ ਅਸਰ ਹੁੰਦਾ ਹੈ ਜੋ ਮਾਤਾ-ਪਿਤਾ ਉਨ੍ਹਾਂ ਨੂੰ ਕਰਨ ਲਈ ਆਖਦੇ ਜਾਂ ਦੱਸਦੇ ਹਨ।

    - ਬਹੁਤ ਵਧੀਆ ਹੋਵੇਗਾ ਜੇਕਰ ਟੈਲੀਵਿਜ਼ਨ ਉੱਤੇ ਖ਼ਬਰਾਂ ਅਤੇ ਕੁਝ ਚੰਗੇ ਪ੍ਰੋਗਰਾਮਾਂ ਤੋਂ ਇਲਾਵਾ ਹੋਰ ਕੁਝ ਨਾ ਵੇਖਿਆ ਜਾਵੇ। ਟੈਲੀਵਿਜ਼ਨ ਤੁਹਾਡੇ ਘਰ ਵਿੱਚ ਬਹੁਤ ਓਪਰੇ ਅਤੇ ਅਕਸਰ ਬੁਰੇ ਸੱਭਿਆਚਾਰ ਨੂੰ ਲੈ ਕੇ ਆ ਸਕਦਾ ਹੈ। ਰਾਜਾ ਦਾਊਦ ਨੇ ਕਿਹਾ: *ਮੈਂ ਵਿਰਥੀ ਗੱਲ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਨਾ ਰੱਖਾਂਗਾ।* ਜ਼ਬੂਰ 101:3

    - ਆਪਣੇ ਬੱਚਿਆਂ ਨੂੰ ਚੰਗੀਆਂ ਕਿਤਾਬਾਂ ਬਾਰੇ ਦੱਸੋ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰੋ ਕਿ ਉਹ ਆਪਣਾ ਮੰਨੋਰੰਜਨ ਕਿਤਾਬਾਂ ਦੁਆਰਾ ਕਰਨ, ਨਾ ਕਿ ਟੈਲੀਵਿਜ਼ਨ ਦੁਆਰਾ।

    - ਸ਼ਾਮ ਨੂੰ ਪਰਿਵਾਰ ਮਿਲਕੇ ਕੁਝ ਖੇਡਾਂ ਖੇਡ ਸਕਦਾ ਹੈ ਜਾਂ ਕੁਝ ਹੋਰ ਕਰ ਸਕਦਾ ਹੈ। ਇਸ ਨਾਲ ਪਰਿਵਾਰਕ ਸੰਬੰਧ ਮਜ਼ਬੂਤ ਹੋਵੇਗਾ ਅਤੇ ਪਰਮੇਸ਼ੁਰ ਦੇ ਵਚਨ ਅਨੁਸਾਰ ਸਿਖਾਉਣ ਦੇ ਹੋਰ ਮੌਕੇ ਪੈਦਾ ਹੋਣਗੇ।

ਪ੍ਰਸ਼ਨ ਇਹ ਹੈ: "ਆਪਣੇ ਬੱਚਿਆਂ ਨੂੰ ਕੀ ਸਿਖਾਇਆ ਜਾਣਾ ਚਾਹੀਦਾ ਹੈ?"

ਉੱਤਰ: ਵਚਨ ਵਿੱਚੋਂ ਪਰਮੇਸ਼ੁਰ ਦਾ ਰਾਹ ਅਤੇ ਉਸ ਦੀਆਂ ਸਿੱਖਿਆਵਾਂ। ਸਾਡਾ ਸਵਰਗੀ ਪਿਤਾ ਸਾਨੂੰ ਪਿਆਰ ਕਰਦਾ ਹੈ ਅਤੇ ਉਸ ਨੇ ਹਿਦਾਇਤਾਂ ਦੀ ਪੁਸਤਕ ਦੇ ਰੂਪ ਵਿੱਚ ਸਾਨੂੰ ਬਾਈਬਲ ਦਿੱਤੀ ਹੈ, ਤਾਂ ਕਿ ਅਸੀਂ ਬਰਕਤਾਂ ਨਾਲ ਭਰਪੂਰ ਜੀਵਨ ਪ੍ਰਾਪਤ ਕਰੀਏ।

ਬਿਵਸਥਾਸਾਰ 4:40 ***ਤੁਸੀਂ ਉਸ ਦੀਆਂ ਬਿਧੀਆਂ*** *ਦੀ ਅਤੇ* ***ਹੁਕਮਾਂ ਦੀ ਪਾਲਨਾ ਕਰੋ*** *ਜਿਹੜੇ ਮੈਂ ਅੱਜ ਤੁਹਾਨੂੰ ਦਿੰਦਾ ਹਾਂ ਤਾਂ ਜੋ* ***ਤੁਹਾਡਾ*** *ਅਤੇ ਤੁਹਾਥੋਂ ਪਿਛੋਂ* ***ਤੁਹਾਡੇ ਬੱਚਿਆਂ ਦਾ ਭਲਾ ਹੋਵੇ*** *ਅਤੇ ਤੁਸੀਂ ਉਸ ਜ਼ਮੀਨ ਉੱਤੇ ਆਪਣੇ ਦਿਨ ਲੰਮੇ ਕਰੋ ਜਿਹੜੀ ਯਹੋਵਾਹ ਤੁਹਾਡਾ ਪਰਮੇਸ਼ੁਰ ਤੁਹਾਨੂੰ ਸਦਾ ਲਈ ਦਿੰਦਾ ਹੈ।*

ਬਿਵਸਥਾਸਾਰ 6:5-7 *ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਮਨ, ਆਪਣੀ ਸਾਰੀ ਜਾਨ ਅਤੇ ਆਪਣੇ ਸਾਰੇ ਜ਼ੋਰ ਨਾਲ ਪਿਆਰ ਕਰੋ। (6) ਅਤੇ* ***ਏਹ ਗੱਲਾਂ*** *ਜਿਨ੍ਹਾਂ ਦਾ ਮੈਂ ਤੁਹਾਨੂੰ ਅੱਜ ਹੁਕਮ ਦਿੰਦਾ ਹਾਂ ਤੁਹਾਡੇ ਹਿਰਦੇ ਉੱਤੇ ਹੋਣ। (7)* ***ਤੁਸੀਂ ਓਹਨਾਂ ਨੂੰ ਆਪਣੇ ਬੱਚਿਆਂ ਨੂੰ ਸਿਖਲਾਓ****। ਤੁਸੀਂ ਆਪਣੇ ਘਰ ਬੈਠਿਆਂ, ਰਾਹ ਤੁਰਦਿਆਂ, ਲੇਟਦਿਆਂ ਅਰ ਉੱਠਦਿਆਂ* ***ਓਹਨਾਂ ਦਾ ਚਰਚਾ ਕਰੋ****।*

> ਮਾਤ-ਪਿਤਾ ਹੋਣਾ **ਪੂਰੇ ਸਮੇਂ ਦਾ ਕੰਮ** ਹੈ, 24 ਘੰਟੇ ਦਾ, ਸਾਲ ਦੇ 365 ਦਿਨਾਂ ਦਾ। ਮਾਤਾ-ਪਿਤਾ ਹੋਣਾ ਤੁਹਾਨੂੰ ਪਰਮੇਸ਼ੁਰ ਦੁਆਰਾ ਦਿੱਤੀ ਗਈ ਇੱਕ **ਸੇਵਾ** ਹੈ। ਇਸ ਸੇਵਕਾਈ ਵਿੱਚ **ਵਫ਼ਾਦਾਰ** ਰਹਿਣ ਨਾਲ ਤੁਸੀਂ ਭਵਿੱਖ ਦੀਆਂ ਸੇਵਾਕਾਈਆਂ ਲਈ ਯੋਗ ਬਣਦੇ ਹੋ।

ਮਾਤਾ-ਪਿਤਾ ਕੋਲ ਆਪਣੇ ਬੱਚਿਆਂ ਲਈ "ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਸੇਵਾ" ਹੈ:

- *ਪ੍ਰਭੂ ਦੇ ਰਸਤੇ ਨੂੰ ਤਿਆਰ ਕਰੋ, ਉਹ ਦੇ ਰਾਹਾਂ ਨੂੰ ਸਿੱਧੇ ਕਰੋ।* ਲੂਕਾ 3:4
- ਪ੍ਰਭੂ ਲਈ ਰਾਹ ਨੂੰ ਤਿਆਰ ਕਰੋ ਤਾਂ ਕਿ ਤੁਹਾਡੇ ਬੱਚਿਆਂ ਦੇ ਦਿਲ ਵਿੱਚ ਉਸ ਦਾ ਰਾਹ ਸਿੱਧਾ ਜਾਵੇ।

## II. ਬੱਚਿਆਂ ਨੂੰ ਆਗਿਆ ਮੰਨਣਾ ਸਿੱਖਣਾ ਜ਼ਰੂਰੀ ਹੈ

ਅਫਸੀਆਂ 6:1-3

***ਹੇ ਬਾਲਕੋ, ਤੁਸੀਂ ਪ੍ਰਭੂ ਵਿੱਚ ਆਪਣੇ ਮਾਪਿਆਂ ਦੇ ਆਗਿਆਕਾਰ ਰਹੋ*** *ਕਿਉਂ ਜੋ ਇਹ ਧਰਮ ਦੀ ਗੱਲ ਹੈ। (2) ਤੂੰ ਆਪਣੇ ਮਾਂ ਪਿਉ ਦਾ* ***ਆਦਰ*** *ਕਰ ਭਈ ਤੇਰਾ ਭਲਾ ਹੋਵੇ ਅਰ ਧਰਤੀ ਉੱਤੇ ਤੇਰੀ ਉਮਰ ਲੰਮੀ ਹੋਵੇ। (3) ਇਹ* ***ਵਾਇਦੇ*** *ਨਾਲ ਪਹਿਲਾ ਹੁਕਮ ਹੈ।*

- ਸਾਨੂੰ ਆਪਣੇ ਬੱਚਿਆਂ ਨੂੰ ਆਗਿਆ ਮੰਨਣਾ ਸਿਖਾਉਣਾ ਚਾਹੀਦਾ ਹੈ!
- ਮਾਤ-ਪਿਤਾ ਉਹ **ਪਹਿਲਾ ਇਖਤਿਆਰ** ਹਨ ਜਿਨ੍ਹਾਂ ਦੀ ਆਗਿਆ ਮੰਨਣੀ ਬੱਚਿਆਂ ਨੂੰ ਸਿੱਖਣੀ **ਚਾਹੀਦੀ ਹੈ।** ਮਾਤਾ ਅਤੇ ਪਿਤਾ ਆਪਣੇ ਬੱਚਿਆਂ ਲਈ ਸੁਰੱਖਿਆ ਦਾ ਘੇਰਾ ਬਣਾਉਂਦੇ ਹਨ – ਇੱਕ ਛੱਤਰੀ ਵਾਂਗ ਉਨ੍ਹਾਂ ਨੂੰ ਸਰੀਰਕ ਅਤੇ ਆਤਮਕ ਨੁਕਸਾਨ ਤੋਂ ਬਚਾਉਣ ਲਈ।

ਬਾਈਬਲ ਸਿਖਾਉਂਦੀ ਹੈ ਕਿ ਬੱਚਿਆਂ ਉੱਤੇ "ਇਖਤਿਆਰ ਦੇ ਕ੍ਰਮ" ਵਿੱਚ ਸਭ ਤੋਂ ਪਹਿਲਾਂ ਪਿਤਾ ਹੈ ਅਤੇ ਫਿਰ ਮਾਤਾ। ਇਹ ਤਰਤੀਬ ਸ਼ਾਂਤੀ ਅਤੇ ਬਰਕਤਾਂ ਲੈ ਕੇ ਆਉਂਦੀ ਹੈ।

- ਛੋਟੇ **ਬੱਚਿਆਂ ਨੂੰ** ਬਿਨ੍ਹਾਂ ਸਵਾਲ-ਜਵਾਬ ਕੀਤੇ, **ਤੁਰੰਤ ਹੀ ਆਗਿਆ ਮੰਨਣਾ ਸਿੱਖਣਾ ਚਾਹੀਦਾ ਹੈ**। ਅੱਜ ਇਹ ਉਨ੍ਹਾਂ ਦੀ ਸੁਰੱਖਿਆ ਲਈ ਜ਼ਰੂਰੀ ਹੈ ਅਤੇ ਇਸ ਤਰ੍ਹਾਂ ਅੱਗੇ ਚੱਲ ਕੇ ਉਹ ਆਪਣੀ ਸੁਰੱਖਿਆ ਲਈ ਪਵਿੱਤਰ ਆਤਮਾ ਦੀ ਅਰੰਭਕ ਪ੍ਰੇਰਣਾ ਦਾ ਆਗਿਆ ਪਾਲਣ ਕਰਨਗੇ।

ਕਹਾਉਤਾਂ 29:15 *ਤਾੜ ਅਤੇ ਛਿਟੀ ਬੁੱਧ ਦਿੰਦੀਆਂ ਹਨ, ਪਰ ਜਿਹੜਾ ਬਾਲਕ ਬੇਮੁਹਾਰਾ ਛੱਡਿਆ ਜਾਂਦਾ ਹੈ, ਉਹ ਆਪਣੀ ਮਾਂ ਲਈ ਨਮੋਸ਼ੀ ਲਿਆਉਂਦਾ ਹੈ।*

- **ਤਾੜਨਾ ਅਤੇ ਸੋਟੀ ਬੁੱਧ ਦਿੰਦੀਆਂ ਹਨ** – ਦੋਵੇਂ ਜ਼ਰੂਰੀ ਹਨ।

ਆਪਣੇ ਬੱਚਿਆਂ ਨੂੰ ਇਹ ਸਿਖਾਉਣ ਲਈ **ਝਿੜਕੋ** ਕਿ ਉਨ੍ਹਾਂ ਨੂੰ ਆਗਿਆ ਕਿਉਂ ਮੰਨਣੀ ਚਾਹੀਦੀ ਹੈ:

(1) ਤਾਂ ਕਿ ਹਰ ਚੀਜ਼ ਵਿੱਚ ਉਨ੍ਹਾਂ ਦਾ ਭਲਾ ਹੋਵੇ (ਅਫਸੀਆਂ 6:3)
– ਅਤੇ –
(2) ਤਾਂ ਕਿ ਸ਼ੈਤਾਨ ਨੂੰ ਆਪਣੇ ਉੱਤੇ ਹਮਲਾ ਕਰਨ ਦਾ ਮੌਕਾ ਨਾ ਦੇਣ (ਅਫਸੀਆਂ 4:17)। ਪਾਪ ਸ਼ੈਤਾਨ ਨੂੰ ਸਾਡੇ ਉੱਤੇ ਹਮਲਾ ਕਰਨ ਦਾ ਕਨੂੰਨੀ ਹੱਕ ਦਿੰਦਾ ਹੈ। (ਲੂਕਾ 22:31)।

(3) "*ਜਿਹੜਾ ਬੱਚਾ ਆਪਣੀ ਮਨ ਮਰਜ਼ੀ ਕਰਦਾ ਹੈ ਉਹ ਆਪਣੀ ਮਾਤਾ ਲਈ ਸ਼ਰਮ ਦਾ ਕਾਰਨ ਹੁੰਦਾ ਹੈ।*" ਆਪਣੇ ਮਾਪਿਆਂ ਲਈ ਸ਼ਰਮ ਦਾ ਕਾਰਨ ਹੈ ਕਿਉਂਕਿ ਉਨ੍ਹਾਂ ਨੇ ਬੱਚੇ ਨੂੰ ਆਗਿਆ ਮੰਨਣੀ ਨਹੀਂ ਸਿਖਾਈ। ਤੁਸੀਂ ਉਨ੍ਹਾਂ ਦੇ ਫਲਾਂ ਤੋਂ ਉਨ੍ਹਾਂ ਨੂੰ ਪਛਾਣੋਗੇ। (ਮੱਤੀ 7:16)

ਕਹਾਉਤਾਂ 22:15 *ਬਾਲਕ ਦੇ ਮਨ ਵਿੱਚ **ਮੂਰਖਤਾਈ** ਬੱਧੀ ਹੋਈ ਹੁੰਦੀ ਹੈ, **ਤਾੜ** ਦੀ ਛਿਟੀ **ਉਹ ਨੂੰ** ਉਸ ਤੋਂ **ਦੂਰ ਕਰ ਦਿੰਦੀ ਹੈ**।*

- ਬੱਚਿਆਂ ਨੂੰ ਅਨੁਸ਼ਾਸਨ ਸਿਖਾਉਣਾ ਚਾਹੀਦਾ ਹੈ, ਨਹੀਂ ਤਾਂ ਮੂਰਖਤਾਈ ਉਨ੍ਹਾਂ ਦੇ ਜੀਵਨ ਵਿੱਚ ਬਣੀ ਰਹੇਗੀ।

ਕਹਾਉਤਾਂ 23:13 *ਬਾਲਕ ਦੇ **ਤਾੜਨ ਤੋਂ ਨਾ ਰੁਕ**, ਭਾਵੇਂ ਤੂੰ ਛਿਟੀ ਨਾਲ ਉਹ ਨੂੰ ਮਾਰੇਂ ਤਾਂ ਉਹ ਨਾ ਮਰੇਗਾ।*

- **ਅਨੁਸ਼ਾਸਨ ਦੀ ਹੱਦ** ਅਣਆਗਿਆਕਾਰੀ ਦੀ ਹੱਦ ਦੇ ਅਨੁਸਾਰ ਹੋਣੀ ਚਾਹੀਦੀ ਹੈ। ਤੁਸੀਂ ਇਸ ਤਰ੍ਹਾਂ ਅਨੁਸ਼ਾਸਨ ਸਿਖਾ ਸਕਦੇ ਹੋ:

- ○ 15 ਮਿੰਟ, ਇੱਕ ਘੰਟਾ, ਇੱਕ ਦਿਨ ਜਾਂ ਇੱਕ ਹਫ਼ਤੇ ਲਈ ਉਨ੍ਹਾਂ ਨੂੰ ਦਿੱਤੀਆਂ ਗਈਆਂ **ਸੁਵਿਧਾਵਾਂ** ਨੂੰ ਵਾਪਸ ਲੈਣ ਦੁਆਰਾ।
- ○ ਬੱਚਿਆਂ ਨੂੰ ਉਨ੍ਹਾਂ ਦਾ ਗੁੱਸਾ ਸ਼ਾਂਤ ਕਰਨ ਲਈ ਉਨ੍ਹਾਂ ਦੇ **ਬਿਸਤਰ** ਤੇ ਭੇਜਣ ਦੁਆਰਾ।
- ○ ਵਾਧੂ **ਕੰਮ** ਕਰਾਉਣ ਦੁਆਰਾ।
- ○ **ਪਿਟਾਈ** ਕਰਨ ਦੀ ਆਗਿਆ ਕੇਵਲ ਬਾਈਬਲ ਵਿੱਚ ਹੀ ਨਹੀਂ ਦਿੱਤੀ ਗਈ, ਸਗੋਂ ਇਹ ਜ਼ਰੂਰੀ ਵੀ ਹੈ। ਪਰ **ਇਹ ਕੇਵਲ ਜਾਣ ਬੁਝ ਕੇ ਆਗਿਆ ਨਾ ਮੰਨਣ ਵਾਲੇ ਢੀਠ ਬੱਚਿਆਂ ਲਈ ਹੀ ਹੋਣਾ ਚਾਹੀਦਾ ਹੈ।**

ਕਹਾਉਤਾਂ 13:24 *ਜਿਹੜਾ ਪੁੱਤਰ ਉੱਤੇ ਛੂਛਕ ਨਹੀਂ ਚਲਾਉਂਦਾ ਉਹ ਉਸ ਦਾ ਵੈਰੀ ਹੈ, ਪਰ ਜਿਹੜਾ **ਉਸ ਦੇ ਨਾਲ ਪਿਆਰ ਕਰਦਾ ਹੈ** ਉਹ ਵੇਲੇ ਸਿਰ ਉਸ ਨੂੰ ਤਾੜਦਾ ਹੈ।*

**ਤੁਹਾਡੇ ਸਾਰੇ ਕੰਮ ਪ੍ਰੇਮ ਨਾਲ ਹੋਣ**। 1 ਕੁਰਿੰਥੀਆਂ 16:14

- ਤੁਹਾਨੂੰ **ਕਦੇ ਵੀ** ਉਸ ਸਮੇਂ ਸਜ਼ਾ ਨਹੀਂ ਦੇਣੀ ਚਾਹੀਦੀ **ਜਦੋਂ ਤੁਸੀਂ ਗੁੱਸੇ ਵਿੱਚ ਹੋ।**

ਆਪਣੇ ਬੱਚਿਆਂ ਨੂੰ ਦੱਸੋ:

(1) **ਜੋ** ਉਨ੍ਹਾਂ ਨੇ ਕੀਤਾ ਹੈ। ਇਹ ਉਨ੍ਹਾਂ ਨੂੰ ਆਪਣੀ ਗਲਤੀ ਨੂੰ ਮੰਨਣ ਵਿੱਚ ਸਹਾਇਤਾ ਕਰਦਾ ਹੈ।

(2) ਤੁਸੀਂ ਉਨ੍ਹਾਂ ਨੂੰ ਅਨੁਸ਼ਾਸਿਤ **ਕਿਉਂ** ਕਰਨ ਜਾ ਰਹੇ ਹੋ – ਕਿਉਂਕਿ ਤੁਸੀਂ ਉਨ੍ਹਾਂ ਨਾਲ ਪਿਆਰ ਕਰਦੇ ਹੋ, ਯਿਸੂ ਉਨ੍ਹਾਂ ਨਾਲ ਪਿਆਰ ਕਰਦਾ ਹੈ ਅਤੇ ਜੋ ਉਨ੍ਹਾਂ ਨੇ ਕੀਤਾ ਉਹ ਗਲਤ ਸੀ। ਉਨ੍ਹਾਂ ਨੂੰ ਦੱਸੋ ਕਿ ਬਾਈਬਲ ਤੁਹਾਨੂੰ ਉਨ੍ਹਾਂ ਨੂੰ ਅਨੁਸ਼ਾਸਨ ਸਿਖਾਉਣ ਲਈ ਆਖਦੀ ਹੈ। ਉਨ੍ਹਾਂ ਨੂੰ ਦੱਸੋ ਕਿ ਉਨ੍ਹਾਂ ਨੂੰ ਸਿੱਖਣਾ ਚਾਹੀਦਾ ਹੈ, ਤਾਂ ਕਿ ਉਹ ਆਪਣੇ ਜੀਵਨ ਵਿੱਚ ਹੋਣ ਵਾਲੀਆਂ ਸਮੱਸਿਆਵਾਂ ਤੋਂ ਬਚ ਸਕਣ।

(3) ਜਦੋਂ ਤੱਕ ਤੁਹਾਡਾ ਗੁੱਸਾ ਸ਼ਾਂਤ ਨਹੀਂ ਹੋ ਜਾਂਦਾ ਰੁਕੋ ਅਤੇ **ਪ੍ਰਾਰਥਨਾ ਕਰੋ**, ਫਿਰ ਤੁਸੀਂ ਸੰਜਮ ਵਿੱਚ ਰਹਿ ਕੇ ਅਤੇ ਆਪਣੇ ਬੱਚੇ ਲਈ ਆਪਣੀ ਚਿੰਤਾ ਦੇ ਨਜ਼ਰਿਏ ਤੋਂ ਸਜ਼ਾ ਦੇਵੋਗੇ।

(4) **ਦੱਸੋ** ਕਿ ਉਨ੍ਹਾਂ ਨੂੰ **ਕਿਵੇਂ** ਸਜ਼ਾ ਦਿੱਤੀ ਜਾਵੇਗੀ। ਮਾਤਾ-ਪਿਤਾ ਨੂੰ ਪ੍ਰਾਰਥਨਾ ਪੂਰਵਕ ਸਹਿਮਤ ਹੋਣਾ ਚਾਹੀਦਾ ਹੈ ਕਿ ਕਿਸ ਆਗਿਆ ਨੂੰ ਨਾ ਮੰਨਣ ਦੀ ਸਜ਼ਾ ਜਾਂ ਤਾੜਨਾ ਕਿਸ ਪ੍ਰਕਾਰ ਦੀ ਹੋਣੀ ਚਾਹੀਦੀ ਹੈ। ਇਹ ਬਹੁਤ ਹੀ ਮਹੱਤਵਪੂਰਣ ਹੈ ਕਿ ਮਾਤਾ ਅਤੇ ਪਿਤਾ ਆਪਸ ਵਿੱਚ **ਹਮੇਸ਼ਾ ਸਹਿਮਤ ਹੋਣ** ਅਤੇ ਇੱਕ ਦੂਸਰੇ ਦੇ ਵਿਹਾਰ ਦਾ **ਸਮਰਥਨ** ਕਰਨ। ਇਸ ਦੇ ਲਈ ਦੋਵਾਂ ਨੂੰ ਕੁਝ 'ਤਿਆਗਣ-ਅਤੇ-ਪਾਉਣ' ਵਾਲਾ ਰਵੱਈਆ

ਰੱਖਣ ਦੀ ਜ਼ਰੂਰਤ ਹੋਵੇਗੀ।

(5) ਤਾੜਨਾ **ਇਕਾਂਤ** ਵਿੱਚ ਹੋਣੀ ਚਾਹੀਦੀ ਹੈ। ਇਹ ਐਨੀ ਲੰਬੀ ਅਤੇ ਸਖਤ ਹੋਵੇ ਕਿ ਪਾਪ ਦੇ ਅਨੰਦ ਉੱਤੇ ਭਾਰੀ ਪਵੇ।

(6) ਜਦੋਂ ਸਜ਼ਾ ਖਤਮ ਹੋ ਜਾਂਦੀ ਹੈ, ਤਾਂ ਆਪਣੇ ਬੱਚੇ ਨੂੰ ਸ਼ਾਂਤ ਹੋਣ ਲਈ ਸਮਾਂ ਦਿਓ ਅਤੇ ਉਸ ਨਾਲ ਉਸ ਦੀ **ਗਲਤੀ ਬਾਰੇ ਗੱਲਬਾਤ ਕਰੋ** ਤਾ ਕਿ ਉਹ ਸਾਫ਼-ਸਾਫ਼ ਸਮਝ ਸਕੇ ਅਤੇ ਜਾਣ ਸਕੇ ਕਿ ਤੁਸੀਂ ਉਸ ਦੇ ਕੋਲੋਂ ਕਿਸ ਤਰ੍ਹਾਂ ਦੇ ਵਿਹਾਰ ਦੀ ਆਸ ਰੱਖਦੇ ਹੋ।

**(7) ਬੱਚੇ ਨੂੰ ਆਪਣੇ ਪਿਆਰ ਅਤੇ ਮਾਫ਼ੀ ਦਾ ਯਕੀਨ ਦਿਵਾਓ** ਜਿਸ ਦਾ ਅਰਥ ਹੈ ਕਿ ਤੁਸੀਂ ਉਸ ਦੀ ਗਲਤੀ ਦੇ ਮੁੱਦੇ ਨੂੰ ਫਿਰ ਨਹੀਂ ਉਠਾਓਗੇ। **ਮਿਲਕੇ ਪ੍ਰਾਰਥਨਾ ਕਰੋ**। ਧੀਰਜ ਨਾਲ ਉਡੀਕ ਕਰੋ ਅਤੇ ਬੱਚੇ ਨੂੰ ਵੀ ਪ੍ਰਾਰਥਨਾ ਕਰਨ ਲਈ ਉਤਸ਼ਾਹਿਤ ਕਰੋ। ਬੱਚੇ ਦੀ ਉਸ ਦੀ ਗਲਤੀ ਲਈ ਮਾਫ਼ੀ ਦੀ ਪ੍ਰਾਰਥਨਾ ਵਿੱਚ ਅਗਵਾਈ ਕਰੋ। ਇਹ ਇਸ ਨਾਲ ਉਹ ਪਰਮੇਸ਼ੁਰ ਪ੍ਰਤਿ ਇਸੇ ਤਰ੍ਹਾਂ ਦੀ ਪ੍ਰਤੀਕਿਰਿਆ ਕਰਨਾ ਸਿੱਖਣਗੇ।

- ਤੁਹਾਨੂੰ **ਕਦੇ ਵੀ** ਬੱਚੇ ਨੂੰ ਆਪਣੇ ਹੱਥ ਨਾਲ ਪਿਟਾਈ ਕਰਕੇ ਜਾਂ ਥੱਪੜ ਮਾਰ ਕੇ ਅਨੁਸ਼ਾਸਤ **ਨਹੀਂ** ਕਰਨਾ ਚਾਹੀਦਾ। ਕਿਸੇ ਚੀਜ਼ ਦੀ ਵਰਤੋਂ ਕਰੋ ਜਿਵੇਂ ਕਿ ਚਮੜੇ ਦੀ ਛੋਟੀ ਬੈਲਟ, ਲੱਕੜੀ ਦਾ ਡੰਡਾ ਜਾਂ ਪਤਲੀ ਬੈਂਤ ਵਰਗੀਆਂ ਚੀਜ਼ਾਂ ਦਾ ਇਸਤੇਮਾਲ ਕਰੋ, ਇਨ੍ਹਾਂ ਦਾ ਇਸਤੇਮਾਲ ਕੇਵਲ ਬੱਚੇ ਦੇ **ਹੇਠਲੇ ਅੰਗਾਂ** ਤੇ ਹੀ ਕਰੋ। ਜੋ ਵੀ ਚੀਜ਼ ਤੁਸੀਂ ਇਸਤੇਮਾਲ ਕਰਦੇ ਹੋ ਉਹ ਇੱਕ ਤਰ੍ਹਾਂ ਦੀ ਹੀ ਰੱਖੋ, ਤਾਂ ਕਿ ਜਦੋਂ ਤੁਸੀਂ ਉਸ ਨੂੰ ਚੁੱਕੋ ਤਾਂ ਬੱਚੇ ਡਰ ਜਾਣ। ਪਰ ਤੁਹਾਨੂੰ ਆਪਣੇ ਹੱਥ ਨਾਲ ਉਨ੍ਹਾਂ ਨੂੰ ਡਰਾਉਣਾ ਨਹੀਂ ਚਾਹੀਦਾ, ਹੱਥ ਕੇਵਲ ਪਿਆਰ ਅਤੇ ਸਨੇਹ ਨੂੰ ਦਿਖਾਉਣ ਲਈ ਅਤੇ ਛੂਹਣ ਲਈ ਇਸਤੇਮਾਲ ਕੀਤੇ ਜਾਣ।

- ਤੁਹਾਡੇ ਅਨੁਸ਼ਾਸਨ ਨਾਲ ਤੁਹਾਡੇ ਬੱਚੇ ਨੂੰ ਸੱਟ ਨਹੀਂ ਲੱਗਣੀ ਚਾਹੀਦੀ। ਤੁਹਾਡੀ ਪਿਟਾਈ ਕਦੇ ਵੀ ਸੱਟ ਦਾ ਜਾਂ ਕੋਈ ਹੋਰ ਨਿਸ਼ਾਨ ਨਾ ਛੱਡੇ।

- ਅਸੀਂ ਆਪਣੇ ਬੱਚਿਆਂ ਨੂੰ **ਝਿੜਕਦੇ** ਹਾਂ **ਕਿਉਂਕਿ ਅਸੀਂ ਉਨ੍ਹਾਂ ਨਾਲ ਪਿਆਰ ਕਰਦੇ ਹਾਂ**।
  ਸਾਡੇ ਬੱਚਿਆਂ ਨੂੰ **ਜਾਨਣਾ** ਅਤੇ **ਪੂਰੀ ਤਰ੍ਹਾਂ ਮੰਨਣਾ** ਚਾਹੀਦਾ ਹੈ ਕਿ ਅਸੀਂ ਉਨ੍ਹਾਂ ਨੂੰ ਇਸ ਲਈ ਅਨੁਸ਼ਾਸਨ ਸਿਖਾਉਂਦੇ ਹਾਂ **ਕਿਉਂਕਿ ਅਸੀਂ ਉਨ੍ਹਾਂ ਨਾਲ ਪਿਆਰ ਕਰਦੇ ਹਾਂ**। ਅਸੀਂ ਉਸ ਬਲੀਦਾਨ ਕਰਕੇ ਜੋ ਉਸ ਨੇ ਸਾਡੇ ਲਈ ਕੀਤਾ ਹੈ ਜਾਣਦੇ ਹਾਂ ਕਿ ਪਰਮੇਸ਼ੁਰ ਸਾਨੂੰ ਪਿਆਰ ਕਰਦਾ ਹੈ। ਪਿਤਾ ਆਪਣੇ ਬੱਚਿਆਂ ਲਈ ਇਹੋ ਹੀ ਕਰਨ। ਉਨ੍ਹਾਂ ਨੂੰ ਗਲੇ ਲਗਾਓ / ਉਨ੍ਹਾਂ ਨਾਲ ਗੱਲ ਕਰੋ / ਉਨ੍ਹਾਂ ਨਾਲ ਸਮਾਂ ਬਿਤਾਓ / ਉਨ੍ਹਾਂ ਪ੍ਰਤਿ ਆਦਰ ਵਿਖਾਓ ਤਾਂ ਕਿ ਉਹ ਜਾਨਣ ਕਿ ਉਹ ਤੁਹਾਡੇ ਲਈ ਬਹੁਤ ਕੀਮਤੀ ਹਨ।

ਜੇਕਰ ਉਹ ਨਹੀਂ ਜਾਣਦੇ ਕਿ ਤੁਸੀਂ ਉਨ੍ਹਾਂ ਨਾਲ ਪਿਆਰ ਕਰਦੇ ਹੋ, ਜਾਂ ਜੇਕਰ ਤੁਸੀਂ ਉਨ੍ਹਾਂ ਨਾਲ ਬਹੁਤ ਸਖਤ ਹੋ, ਤਾਂ ਤੁਸੀਂ ਕੇਵਲ "**ਉਨ੍ਹਾਂ ਦੇ ਗੁੱਸੇ ਨੂੰ ਭੜਕਾ**" ਰਹੇ ਹੋ (ਅਫਸੀਆਂ 6:4) ਅਤੇ ਉਨ੍ਹਾਂ ਦੇ ਦਿਲਾਂ ਵਿੱਚ **ਵਿਦਰੋਹ ਪੈਦਾ** ਕਰ ਰਹੇ ਹੋ ਜੋ ਉਨ੍ਹਾਂ ਦੇ ਜੀਵਨ ਵਿੱਚ ਨਜ਼ਰ ਆਵੇਗਾ।

**ਇਬਰਾਨੀਆਂ 12:6-8** ***ਕਿਉਂ ਜੋ ਜਿਹ ਦੇ ਨਾਲ ਪਿਆਰ ਕਰਦਾ ਹੈ***, *ਪ੍ਰਭੂ ਉਹ ਨੂੰ ਤਾੜਦਾ ਹੈ, ਅਤੇ ਹਰੇਕ ਪੁੱਤਰ ਨੂੰ ਜਿਹ ਨੂੰ ਉਹ ਕਬੂਲ ਕਰਦਾ ਹੈ, ਉਹ ਕੋਰੜੇ ਮਾਰਦਾ ਹੈ। (7) ਤੁਸੀਂ ਸਹਾਰਾ ਜੋ ਕਰਦੇ ਹੋ ਇਹ ਤਾੜੇ ਜਾਣ ਦੇ ਨਮਿੱਤ ਹੈ। ਪਰਮੇਸ਼ੁਰ ਤੁਹਾਡੇ ਨਾਲ ਅਜਿਹਾ ਵਰਤਦਾ ਹੈ ਜਿਹਾ ਪੁੱਤਰਾਂ ਨਾਲ, ਕਿਉਂ ਜੋ ਉਹ ਕਿਹੜਾ ਪੁੱਤਰ ਹੈ ਜਿਹ ਨੂੰ ਪਿਉ ਨਹੀਂ ਤਾੜਦਾ? (8) ਪਰ ਜੇ ਤੁਸੀਂ ਉਸ ਤਾੜਨਾ ਬਿਨਾ ਰਹੇ ਜਿਹ ਦੇ ਵਿੱਚ ਸੱਭੋ ਸਾਂਝੀ ਹੋਏ ਹਨ ਤਾਂ ਤੁਸੀਂ ਪੁੱਤਰ ਨਹੀਂ ਸਗੋਂ ਹਰਾਮ ਦੇ ਹੋ!* NLT

ਇਬਰਾਨੀਆਂ 12:11 *ਸਾਰੀ **ਤਾੜਨਾ** ਤਾਂ ਉਸ ਵੇਲੇ ਅਨੰਦ ਦੀ ਨਹੀਂ ਸਗੋਂ **ਸੋਗ** ਦੀ ਗੱਲ ਸੁੱਝਦੀ ਹੈ ਪਰ ਮਗਰੋਂ ਉਹ ਓਹਨਾਂ ਨੂੰ ਜਿਹੜੇ ਉਹ ਦੇ ਨਾਲ ਸਿਧਾਏ ਗਏ ਹਨ ਧਰਮ ਦਾ ਸ਼ਾਂਤੀ-ਦਾਇਕ ਫਲ ਦਿੰਦੀ ਹੈ।*

1 ਸਮੂਏਲ 15:23 *ਕਿਉਂ ਜੋ **ਬਗਾਵਤ ਅਤੇ ਜਾਦੂਗਰੀ ਦਾ ਪਾਪ ਇੱਕੋ ਜਿਹਾ ਹੈ**, ਅਤੇ **ਖਚਰਊ ਅਤੇ ਬਦੀ ਅਤੇ ਮੂਰਤੀ ਪੂਜਾ ਇੱਕੋ ਜਿਹੀ ਹੈ।***

- **ਵਿਦਰੋਹ** ਦਾ ਅਰਥ ਹੈ ਜਾਣ ਬੁੱਝ ਕੇ ਉਸ ਆਪਣੇ ਅਧਿਕਾਰੀਆਂ ਤੋਂ ਲਾਂਭੇ ਮੁੜਨਾ ਅਤੇ ਆਗਿਆ ਨਾ ਮੰਨਣਾ ਹੈ।

- **ਜ਼ਿੱਦ** ਦਾ ਅਰਥ ਹੈ ਕੁਝ ਪ੍ਰਾਪਤ ਕਰਨ ਲਈ ਜ਼ੋਰ ਦੇਣਾ ਜਾਂ ਆਪਣੇ ਸਮੇਂ ਤੇ ਜਾਂ/ਅਤੇ ਆਪਣੀ ਮਰਜ਼ੀ ਨਾਲ ਕੁਝ ਕਰਨਾ।

- **ਚਲਾਕੀ** ਦਾ ਅਰਥ ਹੈ ਆਪਣਾ ਕੰਮ ਕਰਾਉਣ ਲਈ ਚਲਾਕੀ ਜਾਂ ਧੋਖਾ ਕਰਨਾ। ਬੱਚੇ ਅਤੇ ਸਾਡੇ ਵਿੱਚੋਂ ਵੀ ਬਹੁਤ ਸਾਰੇ ਲੋਕ ਇਸ ਚੀਜ਼ ਵਿੱਚ ਨਿਪੁੰਨ ਹਨ।

- ਵਿਦਰੋਹ, ਜ਼ਿੱਦ ਅਤੇ ਚਲਾਕੀ ਗੰਭੀਰ ਪਾਪ ਹਨ ਅਤੇ **ਸ਼ੈਤਾਨ ਨੂੰ ਹਮਲਾ ਕਰਨ ਦਾ ਕਨੂੰਨੀ ਹੱਕ ਦਿੰਦੇ ਹਨ।** ਕਿਉਂਕਿ ਬੱਚੇ ਆਪਣੀ ਛੋਟੀ ਉਮਰ ਤੋਂ ਹੀ ਸੁਭਾਵਿਕ ਰੂਪ ਵਿੱਚ ਆਪਣੀ ਮਰਜ਼ੀ ਕਰਨਾ ਚਾਹੁੰਦੇ ਹਨ, ਇਸ ਲਈ ਇਨ੍ਹਾਂ ਪਾਪਾਂ ਬਾਰੇ ਗੱਲਬਾਤ ਕੀਤੀ ਜਾਣੀ ਚਾਹੀਦੀ ਹੈ ਅਤੇ ਅਨੁਸ਼ਾਸਨ ਦੁਆਰਾ ਇਨ੍ਹਾਂ ਨੂੰ ਉਨ੍ਹਾਂ ਦੇ ਦਿਲਾਂ ਵਿੱਚੋਂ ਕੱਢਿਆ ਜਾਣਾ ਚਾਹੀਦਾ ਹੈ।

ਕਹਾਉਤਾਂ 22:6 *ਬਾਲਕ ਨੂੰ ਉਹ ਦਾ **ਠੀਕ ਰਾਹ ਸਿਖਲਾ**, ਤਾਂ ਉਹ ਵੱਡਾ ਹੋ ਕੇ ਵੀ ਉਸ ਤੋਂ ਕਦੀ ਨਾ ਹਟੇਗਾ।*

**ਤੁਹਾਡੇ ਸਾਰੇ ਕੰਮ ਪ੍ਰੇਮ ਨਾਲ ਹੋਣ**। 1 ਕੁਰਿੰਥੀਆਂ 16:14

III. ਬੱਚਿਆਂ ਨੂੰ ਸੰਪੂਰਣ ਇਖਤਿਆਰ ਨੂੰ ਮੰਨਣਾ ਸਿੱਖਣਾ ਜ਼ਰੂਰੀ ਹੈ

ਮੰਮੀ ਅਤੇ ਪਾਪਾ ਨੂੰ ਸੰਪੂਰਣ ਇਖਤਿਆਰ ਦੀ ਆਗਿਆ ਮੰਨਦੇ ਹੋਏ ਦੇਖ ਕੇ ਬੱਚੇ ਵੀ ਸੰਪੂਰਣ ਇਖਤਿਆਰ ਨੂੰ ਮੰਨਣਾ ਸਿੱਖਣਗੇ (ਬੱਚੇ ਓਹੀ ਸਿੱਖਦੇ ਹਨ ਜੋ ਉਹ ਆਪਣੇ ਮਾਪਿਆਂ ਨੂੰ ਕਰਦੇ ਹੋਏ ਦੇਖਦੇ ਹਨ)

ਰੋਮੀਆਂ 13:1-7

*ਹਰੇਕ ਪ੍ਰਾਣੀ **ਹਕੂਮਤਾਂ ਦੇ ਅਧੀਨ ਰਹੇ** ਕਿਉਂਕਿ ਅਜਿਹੀ ਕੋਈ ਹਕੂਮਤ ਨਹੀਂ ਜਿਹੜੀ ਪਰਮੇਸ਼ੁਰ ਦੀ ਵੱਲੋਂ ਨਾ ਹੋਵੇ ਅਤੇ ਜਿੰਨੀਆਂ ਹਕੂਮਤਾਂ ਹਨ ਓਹ ਪਰਮੇਸ਼ੁਰ ਦੀਆਂ ਠਹਿਰਾਈਆਂ ਹੋਈਆਂ ਹਨ। (2) ਇਸ ਲਈ ਜਿਹੜਾ ਹਕੂਮਤ ਦਾ ਸਾਹਮਣਾ ਕਰਦਾ ਹੈ ਉਹ ਪਰਮੇਸ਼ੁਰ ਦੇ ਇੰਤਜ਼ਾਮ ਦਾ ਸਾਹਮਣਾ ਕਰਦਾ ਹੈ ਅਤੇ ਜਿਹੜੇ ਸਾਹਮਣਾ ਕਰਦੇ ਹਨ ਓਹ ਦੰਡ ਭੋਗਣਗੇ। (3) ਹਾਕਮ ਤਾਂ ਚੰਗੇ ਕੰਮ ਤੋਂ ਨਹੀਂ ਪਰ ਬੁਰੇ ਕੰਮ ਤੋਂ ਡਰਾਉਣ ਵਾਲੇ ਹੁੰਦੇ ਹਨ। ਕੀ ਤੂੰ ਹਾਕਮ ਤੋਂ ਡਰਿਆ ਨਹੀਂ ਚਾਹੁੰਦਾ? ਤਾਂ ਭਲਾ ਕਰ ਫੇਰ ਉਹ ਦੀ ਵੱਲੋਂ ਤੇਰੀ ਸੋਭਾ ਹੋਵੇਗੀ। (4) ਕਿਉਂ ਜੋ ਉਹ ਪਰਮੇਸ਼ੁਰ ਦਾ ਸੇਵਕ ਤੇਰੀ ਭਲਿਆਈ ਲਈ ਹੈ। ਪਰ ਜੇਕਰ ਤੂੰ ਬੁਰਾ ਕਰੇਂ ਤਾਂ ਡਰ ਇਸ ਲਈ ਜੋ ਉਹ ਐਵੇਂ ਤਲਵਾਰ ਲਾਏ ਹੋਏ ਨਹੀਂ। ਕਿਉਂ ਜੋ ਉਹ ਤਾਂ ਪਰਮੇਸ਼ੁਰ ਦਾ ਸੇਵਕ ਹੈ ਭਈ ਕੁਕਰਮੀ ਨੂੰ ਸਜ਼ਾ ਦੇਵੇ। (5) ਇਸ ਲਈ ਨਿਰਾ ਕ੍ਰੋਧ ਹੀ ਦੇ ਕਾਰਨ ਨਹੀਂ ਸਗੋਂ ਅੰਤਹਕਰਨ ਵੀ ਦੇ ਕਾਰਨ ਅਧੀਨ ਹੋਣਾ ਲੋੜੀਂਦਾ ਹੈ। (6) ਤੁਸੀਂ ਇਸੇ ਕਾਰਨ **ਹਾਲਾ ਭੀ ਦਿੰਦੇ ਹੋ** ਕਿ ਓਹ ਇਸੇ ਕੰਮ ਵਿੱਚ ਰੁੱਝੇ ਰਹਿੰਦੇ ਹਨ ਅਤੇ ਪਰਮੇਸ਼ੁਰ ਦੇ ਖਾਦਮ ਹਨ। (7) **ਸਭਨਾਂ ਦਾ ਹੱਕ ਭਰ ਦਿਓ**। ਜਿਹ ਨੂੰ ਹਾਲਾ ਚਾਹੀਦਾ ਹੈ ਹਾਲਾ ਦਿਓ, ਜਿਹ ਨੂੰ ਮਸੂਲ ਚਾਹੀਦਾ ਹੈ ਮਸੂਲ ਦਿਓ, ਜਿਹ ਦੇ ਕੋਲੋਂ ਡਰਨਾ ਚਾਹੀਦਾ ਹੈ ਡਰੋ, **ਜਿਹ ਦਾ ਆਦਰ ਚਾਹੀਦਾ ਹੈ ਆਦਰ ਕਰੋ**।* NLT

ਮੱਤੀ 22:19-21

*ਜਜ਼ੀਯੇ ਦਾ ਸਿੱਕਾ ਮੈਨੂੰ ਵਿਖਾਓ। ਤਦ ਓਹ ਇੱਕ ਅੱਠਿਆਨੀ ਉਸ ਕੋਲ ਲਿਆਏ। 20 ਅਤੇ ਉਸ ਨੇ ਉਨ੍ਹਾਂ ਨੂੰ ਕਿਹਾ, ਇਹ ਮੂਰਤ ਅਤੇ ਲਿਖਤ ਕਿਹਦੀ ਹੈ? 21 ਉਨ੍ਹਾਂ ਉਸ ਨੂੰ ਕਿਹਾ, ਕੈਸਰ ਦੀ। ਤਦ ਉਸ ਨੇ ਉਨ੍ਹਾਂ ਨੂੰ ਆਖਿਆ, ਫੇਰ **ਜਿਹੜੀਆਂ ਚੀਜ਼ਾਂ ਕੈਸਰ ਦੀਆਂ ਹਨ ਓਹ ਕੈਸਰ ਨੂੰ ਅਤੇ ਜਿਹੜੀਆਂ ਪਰਮੇਸ਼ੁਰ ਦੀਆਂ ਹਨ ਓਹ ਪਰਮੇਸ਼ੁਰ ਨੂੰ ਦਿਓ**।*

ਮੱਤੀ 8:8-10

*ਪਰ ਸੂਬੇਦਾਰ ਨੇ ਉੱਤਰ ਦਿੱਤਾ, ਪ੍ਰਭੂ ਜੀ ਮੈਂ ਇਸ ਜੋਗ ਨਹੀਂ ਜੋ ਤੂੰ ਮੇਰੀ ਛੱਤ ਦੇ ਹੇਠ ਆਵੇਂ ਪਰ ਨਿਰਾ ਬਚਨ ਹੀ ਕਰ ਤਾਂ ਮੇਰਾ ਨੌਕਰ ਚੰਗਾ ਹੋ ਜਾਊ। (9) ਕਿਉਂ ਜੋ ਮੈਂ ਭੀ **ਇੱਕ ਮਨੁੱਖ ਦੂਏ ਦੇ ਹੁਕਮ ਵਿੱਚ ਹਾਂ** ਅਤੇ ਸਿਪਾਹੀਆਂ ਨੂੰ ਆਪਣੇ ਇਖ਼ਤਿਆਰ ਵਿੱਚ ਰੱਖਦਾ ਹਾਂ ਅਰ ਇੱਕ ਨੂੰ ਆਖਦਾ ਹਾਂ, ਜਾਹ! ਤਾਂ ਉਹ ਜਾਂਦਾ ਹੈ ਅਤੇ ਦੂਏ ਨੂੰ, ਆ! ਤਾਂ ਉਹ ਆਉਂਦਾ*

*ਹੈ ਅਰ ਆਪਣੇ ਚਾਕਰ ਨੂੰ, ਇਹ ਕਰ! ਤਾਂ ਉਹ ਕਰਦਾ ਹੈ। (10) ਯਿਸੂ ਨੇ ਇਹ ਸੁਣ ਕੇ ਅਚਰਜ ਮੰਨਿਆ ਅਤੇ ਉਨ੍ਹਾਂ ਨੂੰ ਜਿਹੜੇ ਮਗਰ ਮਗਰ ਆਉਂਦੇ ਸਨ ਕਿਹਾ ਭਈ ਮੈਂ ਤੁਹਾਨੂੰ ਸਤ ਆਖਦਾ ਹਾਂ ਕਿ* ***ਇਸਰਾਏਲ ਵਿੱਚ ਵੀ ਮੈਂ ਐਡੀ ਨਿਹਚਾ ਨਹੀਂ ਵੇਖੀ!***

**ਜੌਨ ਵੇਸਲੀ** ਹੁਣ ਤੱਕ ਹੋਏ ਮਹਾਨ ਪ੍ਰਚਾਰਕਾਂ ਵਿੱਚੋਂ ਇੱਕ ਸਨ। ਉਹ ਅਤੇ ਕੁਝ ਹੋਰ ਪ੍ਰਚਾਰਕਾਂ ਨੂੰ ਸਿਹਰਾ ਜਾਂਦਾ ਹੈ ਕਿ ਉਨ੍ਹਾਂ ਨੇ ਇੰਗਲੈਂਡ ਨੂੰ ਆਰਥਿਕ, ਸਮਾਜਿਕ ਅਤੇ ਫ਼ੌਜੀ ਪਤਣ ਵਿੱਚੋਂ ਬਾਹਰ ਲਿਆਂਦਾ, ਜਿਸ ਨੇ ਇੰਗਲੈਂਡ ਨੂੰ ਉਸ ਕ੍ਰਾਂਤੀ ਤੋਂ ਬਚਾਇਆ ਜਿਸ ਨੇ ਬਾਅਦ ਵਿੱਚ ਫਰਾਂਸ ਨੂੰ ਤਬਾਹ ਕੀਤਾ। 1740 ਦੇ ਸਮੇਂ ਦੌਰਾਨ ਵੇਸਲੀ ਦੀ ਜਾਗ੍ਰਿਤੀ ਅਮਰੀਕਾ ਵਿੱਚ ਫੈਲ ਗਈ। ਇਸ ਨੇ ਉਸ ਨੈਤਿਕ ਮਹੌਲ ਨੂੰ ਪੈਦਾ ਕੀਤਾ ਜਿਸ ਵਿੱਚ ਜਾਰਜ ਵਸ਼ਿੰਗਟਨ ਅਤੇ ਹੋਰ ਮਹਾਨ ਨੇਤਾ ਵੱਡੇ ਹੋਏ ਅਤੇ ਸੰਯੁਕਤ ਰਾਜ ਅਮਰੀਕਾ ਨੂੰ ਇੱਕ ਮਹਾਨ ਰਾਸ਼ਟਰ ਬਣਨ ਦੇ ਰਾਹ ਵੱਲ ਲੈ ਤੁਰੇ।
ਵੇਸਲੀ ਆਪਣੇ ਸਤਾਸੀ ਸਾਲ ਦੇ ਜੀਵਨ ਵਿੱਚ **ਪੂਰੀ ਤਰ੍ਹਾਂ** ਪਰਮੇਸ਼ੁਰ ਦੀ ਮਰਜ਼ੀ ਨੂੰ ਪਰਮੇਸ਼ੁਰ ਦੇ ਅਨੁਸਾਰ ਪੂਰਾ ਕਰਨ ਲਈ **ਸਮਰਪਿਤ ਸੀ।** ਉਸ ਦਾ ਜੀਵਨ ਇੱਕ ਗਵਾਹੀ ਹੈ ਕਿ ਆਪਣੇ ਬੱਚੇ ਨੂੰ ਸਿਖਾਉਣ ਲਈ ਇੱਕ ਸਮਰਪਿਤ ਅਤੇ **ਦਰਸ਼ਣ** ਰੱਖਣ ਵਾਲੀ ਮਾਂ ਕੀ ਕੁਝ ਕਰ ਸਕਦੀ ਹੈ। **ਸੁਜ਼ਾਨਾ ਵੇਸਲੀ** ਦੇ 19 ਬੱਚੇ ਸਨ। ਉਹ ਪਰਿਵਾਰਕ ਖੇਤੀਬਾੜੀ ਕਰਦੀ ਸੀ ਅਤੇ ਇੱਕ ਪਾਸਬਾਨ ਦੀ ਪਤਨੀ ਹੋਣ ਦੇ ਕਾਰਨ ਬਾਈਬਲ ਵੀ ਸਿਖਾਉਂਦੀ ਸੀ। ਉਹ ਆਪਣੇ ਬੱਚਿਆਂ ਦੀ ਮੁਢਲੀ ਸਕੂਲ ਅਧਿਆਪਕਾ ਸੀ। ਉਸ ਦੀ ਬੱਚਿਆਂ ਨੂੰ ਸਿਖਾਉਣ ਦੀ **ਕੁੰਜੀ,** ਜਿਨ੍ਹਾਂ ਹੋ ਸਕੇ ਬੱਚਿਆਂ ਨੂੰ ਛੋਟੀ ਉਮਰ ਵਿੱਚ ਹੀ **ਇਖਤਿਆਰ ਨੂੰ ਮੰਨਣਾ** ਸਿਖਾਉਣਾ ਸੀ। ਇੱਕ ਪੱਤਰ ਵਿੱਚ ਉਸ ਨੇ ਲਿਖਿਆ: "***ਮੈਂ ਆਪਣੇ ਬੱਚਿਆਂ ਦੀ ਇੱਛਾ ਉੱਤੇ ਜਿੱਤ ਪਾਉਣ ਵਿੱਚ ਲੱਗੀ ਰਹਿੰਦੀ ਹਾਂ*** *ਕਿਉਂਕਿ ਜਦੋਂ ਇਹ ਪੂਰੀ ਤਰ੍ਹਾਂ ਨਾਲ ਹੋ ਜਾਵੇਗਾ, ਫਿਰ ਬੱਚੇ ਮਾਤਾ-ਪਿਤਾ ਦੀ ਇੱਛਾ ਅਤੇ ਮਰਜ਼ੀ ਨਾਲ ਚਲਾਏ ਜਾ ਸਕਦੇ ਹਨ, ਜਦੋਂ ਤੱਕ ਕਿ ਉਹ ਸਿਆਣੇ ਨਹੀਂ ਹੋ ਜਾਂਦੇ ਅਤੇ* ***ਬਾਈਬਲ ਦੇ ਸਿਧਾਂਤ ਉਨ੍ਹਾਂ ਦੇ ਮਨ ਵਿੱਚ ਜੜ੍ਹ ਨਹੀਂ ਫੜ ਲੈਂਦੇ।*** *ਹਾਲੇ ਮੈਂ ਵਿਸ਼ੇ ਨੂੰ ਛੱਡ ਨਹੀਂ ਸਕਦੀ। ਜਿਵੇਂ* ***ਸਵੈ-ਇੱਛਾ ਸਾਰੇ ਪਾਪਾਂ ਅਤੇ ਦੁੱਖਾਂ ਦੀ ਜੜ੍ਹ ਹੈ,*** *ਇਸ ਲਈ ਜੋ ਕੁਝ ਵੀ ਇਸ ਨੂੰ ਵਧਾਉਂਦਾ ਹੈ ਉਹ ਉਨ੍ਹਾਂ ਦੀ ਦੁਰਦਸ਼ਾ ਵਿੱਚ ਵਾਧਾ ਕਰਦਾ ਹੈ ਅਤੇ ਜੋ ਕੁਝ ਵੀ ਇਸ ਨੂੰ ਖਤਮ ਕਰਦਾ ਹੈ ਉਹ ਉਨ੍ਹਾਂ ਦੇ ਭਵਿੱਖ ਵਿਚਲੀ ਖੁਸ਼ੀ ਅਤੇ ਭਗਤੀ ਨੂੰ ਯਕੀਨੀ ਬਣਾਉਂਦਾ ਹੈ।*"

ਬੱਚਿਆਂ ਦੇ ਸਖ਼ਤ ਅਨੁਸ਼ਾਸਨ ਅਤੇ ਉਨ੍ਹਾਂ ਨੂੰ ਸਿਖਾਉਣ ਦਾ ਇੱਕ ਵੱਡਾ ਅਤੇ ਮਹੱਤਵਪੂਰਣ ਕਾਰਨ ਇਹ ਹੈ ਕਿ ਬੱਚੇ **ਆਪਣੀ ਸਵੈ-ਇੱਛਾ ਉੱਤੇ ਕਾਬੂ ਪਾਉਣਾ** ਅਤੇ ਜਿੱਤ ਪਾਉਣਾ ਸਿੱਖ ਲੈਣ।

ਜੌਨ ਵੇਸਲੀ ਦੀ ਮਾਂ ਨੇ ਲਿਖਿਆ: "*ਜਿਹੜੇ ਮਾਤਾ-ਪਿਤਾ ਆਪਣੇ ਬੱਚਿਆਂ ਦੀ ਸਵੈ-ਇੱਛਾ ਨੂੰ ਵਧਣ ਦਿੰਦੇ ਹਨ ਉਹ ਸ਼ੈਤਾਨ ਦਾ ਕੰਮ ਕਰਦੇ ਹਨ।*"

---

- ❖ ਇਸ ਨੂੰ ਪੂਰਾ ਕਰਨ ਦਾ ਅਰਥ ਹੈ ਕਿ ਐਸੀਆਂ **ਦ੍ਰਿੜ** ਅਤੇ **ਸੁਰੱਖਿਅਤ ਹੱਦਾਂ** ਬੰਨ੍ਹਣਾ ਜਿਨ੍ਹਾਂ ਨੂੰ ਬੱਚੇ ਸਪਸ਼ਟ ਰੂਪ ਵਿੱਚ ਜਾਣਦੇ ਅਤੇ ਸਮਝਦੇ ਹੋਣ ਕਿ ਉਹ ਕੀ ਕਰ ਸਕਦੇ ਹਨ ਅਤੇ ਕੀ ਨਹੀਂ ਕਰ ਸਕਦੇ ਹਨ। ਅਤੇ ਉਹ ਹੱਦਾਂ ਤੋਂ ਬਾਹਰ ਜਾਣ ਜਾਂ ਹੱਦਾਂ ਨੂੰ ਤੋੜਨ ਦੀ ਸਜ਼ਾ ਜਾਣਦੇ ਹੋਣ। ਫਿਰ ਇਹ ਵੀ **ਬਹੁਤ**

**ਮਹੱਤਵਪੂਰਣ** ਹੈ ਕਿ ਤੁਸੀਂ ਜੋ ਮਾਤਾ-ਪਿਤਾ ਹੋ ਹੱਦਾਂ ਨੂੰ ਤੋੜਨ ਦੀ ਸਜ਼ਾ ਨੂੰ **ਹਮੇਸ਼ਾ ਇੱਕੋ ਜਿਹਾ ਹੀ ਬਣਾਈ ਰੱਖੋ**। ਤੁਹਾਡਾ ਸਜ਼ਾ ਨੂੰ ਇੱਕੋ ਜਿਹਾ ਬਣਾਈ ਰੱਖਣਾ ਬੱਚਿਆਂ ਲਈ **ਸਵੈ-ਇੱਛਾ** ਉੱਤੇ **ਕਾਬੂ** ਪਾਉਣਾ ਸਿੱਖਣ ਵਿੱਚ ਹੀ ਸਹਾਇਤਾ ਨਹੀਂ ਕਰੇਗਾ, ਸਗੋਂ ਉਨ੍ਹਾਂ ਲਈ **ਸੁਰੱਖਿਆ** ਦੇ ਅਹਿਸਾਸ ਅਤੇ ਸਪਸ਼ਟ ਵਿਵੇਕ ਨੂੰ ਪੈਦਾ ਕਰੇਗਾ।

ਸੁਜ਼ਾਨਾ ਵੇਸਲੀ ਜਾਣਦੀ ਸੀ ਕਿ ਉਸ ਦੇ ਬੱਚੇ **ਉਸ ਦੇ ਇਖਤਿਆਰ ਦੇ ਅਧੀਨ ਹੋਣ** ਤੋਂ ਬਿਨ੍ਹਾਂ ਉਨ੍ਹਾਂ ਲਈ ਉਸ ਦੇ ਪਿਆਰ ਨੂੰ ਨਹੀਂ ਸਮਝਣਗੇ, ਉਸ ਦੀ ਬੁੱਧ ਤੋਂ ਲਾਭ ਹਾਸਲ ਨਹੀਂ ਕਰਨਗੇ ਅਤੇ ਚੰਗੇ ਨੈਤਿਕ ਚਰਿੱਤਰ ਵਿੱਚ ਨਹੀਂ ਵਧਣਗੇ।

ਕਹਾਉਤਾਂ 22:6 *ਬਾਲਕ ਨੂੰ ਉਹ ਦਾ **ਠੀਕ ਰਾਹ ਸਿਖਲਾ**, ਤਾਂ ਉਹ ਵੱਡਾ ਹੋ ਕੇ ਵੀ ਉਸ ਤੋਂ ਕਦੀ ਨਾ ਹਟੇਗਾ।*

**ਤੁਹਾਡੇ ਸਾਰੇ ਕੰਮ ਪ੍ਰੇਮ ਨਾਲ ਹੋਣ**। 1 ਕੁਰਿੰਥੀਆਂ 16:14

IV. ਪਰਿਵਾਰਕ ਸੰਗਤੀ

2 ਤਿਮੋਥਿਉਸ 3:16-17 ***ਸਾਰੀ ਲਿਖਤ** ਪਰਮੇਸ਼ੁਰ ਦੇ ਆਤਮਾ **ਤੋਂ ਹੈ** ਅਤੇ **ਸਿੱਖਿਆ**, **ਤਾੜਨ**, **ਸੁਧਾਰਨ** ਅਤੇ **ਧਰਮ ਦੇ ਗਿੜਾਉਣ** ਲਈ **ਗੁਣਕਾਰ ਹੈ**। ਭਈ ਪਰਮੇਸ਼ੁਰ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ।*

2 ਤਿਮੋਥਿਉਸ 2:15 *ਆਪਣੇ ਆਪ ਨੂੰ ਪਰਮੇਸ਼ੁਰ ਦੇ ਅੱਗੇ ਪਰਵਾਨ ਅਤੇ ਅਜਿਹਾ ਕਾਰੀਗਰ ਠਹਿਰਾਉਣ ਦਾ **ਜਤਨ ਕਰ** ਜਿਹ ਨੂੰ ਲੱਜਿਆਵਾਨ ਨਾ ਹੋਣਾ ਪਵੇ ਅਤੇ ਜਿਹੜਾ **ਸਚਿਆਈ ਦੇ ਬਚਨ ਦਾ ਜਥਾਰਥ ਵਖਿਆਣ ਕਰਨ ਵਾਲਾ ਹੋਵੇ**।*

- ਬੱਚਿਆਂ ਨੂੰ ਦੇਖਣ ਅਤੇ ਜਾਨਣ ਦੀ ਜ਼ਰੂਰਤ ਹੈ ਕਿ **ਬਾਈਬਲ** ਮੰਮੀ-ਪਾਪਾ ਲਈ ਬਹੁਤ **ਮਹੱਤਵਪੂਰਣ** ਹੈ।
- ਕਈ ਵਾਰ ਪਰਿਵਾਰ ਨੂੰ ਸ਼ਾਮ ਦੇ ਸਮੇਂ **ਬਾਈਬਲ ਦਾ ਕੋਈ ਭਾਗ ਪੜ੍ਹਨਾ ਚਾਹੀਦਾ ਹੈ** ਅਤੇ **ਇਸ ਬਾਰੇ ਵਿਚਾਰ ਵਟਾਂਦਰਾ ਕਰਨਾ ਚਾਹੀਦਾ ਹੈ**, ਜਿਸ ਦੀ ਅਗਵਾਈ ਪਿਤਾ ਨੂੰ ਕਰਨੀ ਚਾਹੀਦੀ ਹੈ। ਉਹ ਬੱਚਿਆਂ ਨੂੰ ਪ੍ਰਸ਼ਨ ਪੁੱਛਣ ਦੇ ਦੁਆਰਾ ਸਾਰਿਆਂ ਨੂੰ ਇਸ ਵਿੱਚ ਸ਼ਾਮਲ ਕਰ ਸਕਦਾ ਹੈ, ਜਿਵੇਂ ਕਿ ਉਹ ਇਸ ਬਾਰੇ ਕੀ ਸੋਚਦੇ ਹਨ, ਅਸੀਂ ਇਸ ਹਿੱਸੇ ਤੋਂ ਕੀ ਸਿੱਖ ਸਕਦੇ ਹਾਂ ਅਤੇ ਅਸੀਂ ਇਸ ਨੂੰ ਕਿਵੇਂ ਲਾਗੂ ਕਰ ਸਕਦੇ ਹਾਂ। ਇਸ ਦੇ ਨਾਲ-ਨਾਲ ਮਸੀਹੀ ਭਜਨ ਵੀ ਗਾਉਣੇ ਚਾਹੀਦੇ ਹਨ। ਅਤੇ ਜਿਵੇਂ ਕਹਿੰਦੇ ਹਨ, "ਜਿਹੜਾ ਪਰਿਵਾਰ ਮਿਲਕੇ ਪ੍ਰਾਰਥਨਾ ਕਰਦਾ ਹੈ ਉਹ ਮਿਲਕੇ ਰਹਿੰਦਾ ਹੈ।"

- ਬਾਈਬਲ ਦੇ ਕਿਸੇ ਹਿੱਸੇ ਜਾਂ **ਆਇਤ** ਨੂੰ ਸਾਰਾ ਪਰਿਵਾਰ ਮਿਲਕੇ **ਯਾਦ** ਕਰ ਸਕਦਾ ਹੈ। ਜਿਵੇਂ ਹੀ ਵੇਸਲੀ ਦੇ ਬੱਚਿਆਂ ਨੇ ਬੋਲਣਾ ਸ਼ੁਰੂ ਕੀਤਾ ਉਨ੍ਹਾਂ ਨੂੰ ਪ੍ਰਭੂ ਦੀ ਪ੍ਰਾਰਥਨਾ (ਮੱਤੀ 6:9-13) ਸਿਖਾਈ ਗਈ ਅਤੇ ਸਵੇਰੇ ਸ਼ਾਮ ਸਾਰਾ ਪਰਿਵਾਰ ਮਿਲਕੇ ਇਸ ਪ੍ਰਾਰਥਨਾ ਨੂੰ ਕਰਦਾ ਸੀ। ਉਨ੍ਹਾਂ ਨੂੰ ਸਿਖਾਇਆ ਗਿਆ ਸੀ ਕਿ ਉਹ ਪ੍ਰਾਰਥਨਾ ਕਰਦੇ ਸਮੇਂ ਹਿੱਲਣ ਨਾ ਅਤੇ ਅੱਖਾਂ ਬੰਦ ਰੱਖਣ, ਜੋ ਉਨ੍ਹਾਂ ਦੀ ਉਸ ਬਾਰੇ ਸੋਚਣ ਵਿੱਚ ਸਹਾਇਤਾ ਕਰੇਗਾ ਜੋ ਉਹ ਆਖ ਰਹੇ ਹਨ।

- ਵੇਸਲੀ ਦੇ ਬੱਚਿਆਂ ਨੂੰ ਸਿਖਾਇਆ ਗਿਆ ਸੀ ਕਿ ਪ੍ਰਭੂ ਦਾ ਦਿਨ (ਸਬਤ ਦਾ ਦਿਨ) ਬਾਕੀ ਦਿਨਾਂ ਨਾਲੋਂ ਵੱਖਰਾ ਦਿਨ ਹੈ, ਕਿਉਂਕਿ ਉਸ ਦਿਨ ਉਹ ਥੋੜ੍ਹਾ ਕੰਮ ਕਰਦੇ ਅਤੇ ਅਰਾਮ ਕਰਦੇ ਸਨ।

- **ਮਕਸਦ** ਇਹ ਹੈ ਕਿ ਤੁਹਾਡੇ ਬੱਚਿਆਂ ਦੀ **ਯਿਸੂ ਮਸੀਹ ਨਾਲ ਇੱਕ ਵਿਅਕਤੀਗਤ ਸੰਬੰਧ ਸਥਾਪਿਤ** ਕਰਨ ਵਿੱਚ ਸਹਾਇਤਾ ਕੀਤੀ ਜਾਵੇ ਅਤੇ ਉਹ ਹਰ ਰੋਜ਼ ਪਰਮੇਸ਼ੁਰ ਦੇ ਨਾਲ **ਚੱਲਣਾ** ਸ਼ੁਰੂ ਕਰਨ।

    - ਇੱਕ ਸੰਬੰਧ ਵਿੱਚ ਗੱਲਬਾਤ ਦੀ **ਜ਼ਰੂਰਤ** ਹੁੰਦੀ ਹੈ, ਇੱਕ ਦੂਸਰੇ ਨਾਲ ਗੱਲਬਾਤ ਕਰਨਾ। ਤੁਸੀਂ ਉਨ੍ਹਾਂ ਨਾਲ ਸਮਾਂ ਗੁਜ਼ਾਰਦੇ ਅਤੇ ਗੱਲਬਾਤ ਕਰਦੇ ਹੋ ਜਿਨ੍ਹਾਂ ਨਾਲ ਤੁਸੀਂ ਪਿਆਰ ਕਰਦੇ ਹੋ। ਦੂਸਰਿਆਂ ਨਾਲ . . . ?

    - ਜਿਨਾਂ ਜਿਆਦਾ ਸਮਾਂ ਤੁਸੀਂ ਆਪਣੇ ਬੱਚਿਆਂ ਦੀ ਸੁਣਨ ਅਤੇ ਉਨ੍ਹਾਂ ਨਾਲ ਗੱਲ ਕਰਨ ਵਿੱਚ ਗੁਜ਼ਾਰਦੇ ਹੋ ਓਨਾਂ ਹੀ ਬੇਹਤਰ ਉਨ੍ਹਾਂ ਨਾਲ ਤੁਹਾਡਾ ਸੰਬੰਧ ਹੋਵੇਗਾ।

    - ਜਿਨਾਂ ਜਿਆਦਾ ਸਮਾਂ ਉਹ ਪਰਮੇਸ਼ੁਰ ਦੀ 'ਅਵਾਜ਼' ਨੂੰ ਸੁਣਨ ਅਤੇ ਸਿੱਖਣ ਵਿੱਚ ਗੁਜ਼ਾਰਦੇ ਹਨ ਓਨਾਂ ਹੀ ਬੇਹਤਰ ਉਨ੍ਹਾਂ ਦਾ ਉਸ ਨਾਲ ਸੰਬੰਧ ਹੋਵੇਗਾ।

    - ਆਪਣੇ ਬੱਚਿਆਂ ਨੂੰ ਸਿਖਾਓ ਕਿ ਉਹ ਸਵੇਰ ਨੂੰ ਸਭ ਤੋਂ ਪਹਿਲਾਂ ਅਤੇ ਰਾਤ ਨੂੰ ਸੌਂਣ ਤੋਂ ਪਹਿਲਾਂ **ਪ੍ਰਾਰਥਨਾ** ਲਈ ਸਮਾਂ ਰੱਖਣ।

ਉਨ੍ਹਾਂ ਨੂੰ ਹਰੇਕ ਛੋਟੀ-ਛੋਟੀ ਚੀਜ਼ ਲਈ **ਧੰਨਵਾਦ ਕਰਨਾ** ਸਿਖਾਓ – ਉਨ੍ਹਾਂ ਦੇ ਦਿਲ ਦੀ ਹਰੇਕ ਧੜਕਣ ਲਈ, ਪਰਮੇਸ਼ੁਰ ਦੀ ਸ੍ਰਿਸ਼ਟੀ ਨੂੰ ਦੇਖਣ ਲਈ ਅੱਖਾਂ ਵਾਸਤੇ, ਕੰਨਾਂ ਲਈ, ਉਸ ਦੀ ਸ੍ਰਿਸ਼ਟੀ ਨੂੰ ਸਮਝਣ ਵਾਲਾ ਮਨ ਦੇਣ ਲਈ, ਆਪਣੇ ਮੰਮੀ-ਪਾਪਾ ਲਈ, ਭੈਣ ਭਰਾਵਾਂ ਲਈ, ਭੋਜਨ ਲਈ, ਸਿਹਤ ਲਈ, . . . ਹਰੇਕ ਛੋਟੀ ਚੀਜ਼ ਲਈ।

ਮੱਤੀ 6:5-8 ਅਤੇ **ਜਾਂ ਤੁਸੀਂ ਪ੍ਰਾਰਥਨਾ ਕਰੋ** ਤਾਂ ਕਪਟੀਆਂ ਵਾਂਙੁ ਨਾ ਹੋ ਕਿਉਂ ਜੋ ਓਹ ਸਮਾਜਾਂ ਅਤੇ ਚੌਂਕਾਂ ਦੇ ਖੂੰਜਿਆਂ ਵਿੱਚ ਖੜੇ ਹੋਕੇ ਪ੍ਰਾਰਥਨਾ ਕਰਨੀ ਪਸਿੰਦ ਕਰਦੇ ਹਨ ਜੋ ਮਨੁੱਖ ਉਨ੍ਹਾਂ ਨੂੰ ਵੇਖਣ। ਮੈਂ ਤੁਹਾਨੂੰ ਸਤ ਆਖਦਾ ਹਾਂ ਜੋ ਓਹ ਆਪਣਾ ਫਲ ਪਾ ਚੁੱਕੇ। ਪਰ **ਜਾਂ ਤੂੰ ਪ੍ਰਾਰਥਨਾ ਕਰੇਂ ਤਾਂ ਆਪਣੀ ਕੋਠੜੀ ਵਿੱਚ ਵੜ ਅਤੇ ਆਪਣਾ ਬੂਹਾ ਭੇੜ ਕੇ** ਆਪਣੇ ਪਿਤਾ ਤੋਂ ਜਿਹੜਾ ਗੁਪਤ ਹੈ

ਪ੍ਰਾਰਥਨਾ ਕਰ ਅਤੇ ਤੇਰਾ ਪਿਤਾ ਜਿਹੜਾ ਗੁਪਤ ਵਿੱਚ ਵੇਖਦਾ ਹੈ ਤੈਨੂੰ ਫਲ ਦੇਵੇਗਾ। ਅਤੇ **ਤੁਸੀਂ ਪ੍ਰਾਰਥਨਾ ਕਰਦਿਆਂ ਹੋਇਆਂ** ਪਰਾਈਆਂ ਕੌਮਾਂ ਦੇ ਲੋਕਾਂ ਵਾਂਗਰ ਬਕ ਬਕ ਨਾ ਕਰੋ ਕਿਉਂ ਜੋ ਓਹ ਸਮਝਦੇ ਹਨ ਭਈ ਸਾਡੇ ਬਹੁਤ ਬੋਲਣ ਕਰਕੇ ਸਾਡੀ ਸੁਣੀ ਜਾਵੇਗੀ। ਸੋ ਤੁਸੀਂ ਉਨ੍ਹਾਂ ਵਰਗੇ ਨਾ ਹੋਵੋ ਕਿਉਂ ਜੋ ਤੁਹਾਡਾ ਪਿਤਾ ਤੁਹਾਡੇ ਮੰਗਣ ਤੋਂ ਪਹਿਲਾਂ ਹੀ ਜਾਣਦਾ ਹੈ ਭਈ ਤੁਹਾਨੂੰ ਕਿਨ੍ਹਾਂ ਕਿਨ੍ਹਾਂ ਵਸਤਾਂ ਦੀ ਲੋੜ ਹੈ।

ਕਹਾਉਤਾਂ 22:6 *ਬਾਲਕ ਨੂੰ ਉਹ ਦਾ **ਠੀਕ ਰਾਹ ਸਿਖਲਾ**, ਤਾਂ ਉਹ ਵੱਡਾ ਹੋ ਕੇ ਵੀ ਉਸ ਤੋਂ ਕਦੀ ਨਾ ਹਟੇਗਾ।*

**ਤੁਹਾਡੇ ਸਾਰੇ ਕੰਮ ਪ੍ਰੇਮ ਨਾਲ ਹੋਣ**। 1 ਕੁਰਿੰਥੀਆਂ 16:14

## V. ਨੈਤਿਕ ਸ੍ਰੇਸ਼ਟਤਾ ਦਾ ਵਿਕਾਸ ਕਰਨਾ ਹੀ ਮਕਸਦ ਹੈ

2 ਪਤਰਸ 1:5 ਸਗੋਂ ਇਸੇ ਕਾਰਨ ਤੁਸੀਂ ਆਪਣੀ ਵੱਲੋਂ **ਵੱਡਾ ਜਤਨ ਕਰ ਕੇ** ਆਪਣੀ ਨਿਹਚਾ ਨਾਲ **ਨੇਕੀ** ਅਤੇ ਨੇਕੀ ਨਾਲ ਗਿਆਨ।

ਕਹਾਉਤਾਂ 11:3 *ਸਿੱਧਿਆਂ ਦੀ **ਖਰਿਆਈ ਓਹਨਾਂ ਦੀ ਅਗਵਾਈ ਕਰੇਗੀ**, ਪਰ ਛਲੀਆਂ ਦੇ ਟੇਢ ਉਨ੍ਹਾਂ ਦਾ ਨਾਸ ਕਰੇਗੀ।*

- **ਖਰਾਈ -** ਉੱਤਮ ਨੈਤਿਕ ਜੀਵਨ ਜੀਉਣ ਦਾ ਗੁਣ ਜਾਂ ਖੂਬੀ
- ਸ਼ਬਦ **ਖਰਾਈ** ਦਾ ਅਸਲ ਅਰਥ "**ਨੇਕ ਜੀਵਨ ਜੀਉਣਾ**" ਹੈ ਅਤੇ ਕੇਵਲ ਦਿਖਾਵੇ ਲਈ ਸਹੀ ਕੰਮ ਕਰਨਾ ਨਹੀਂ ਹੈ।
- ਇੱਕ **ਖਰੇ** ਵਿਅਕਤੀ ਵਿੱਚ **ਅੰਦਰੂਨੀ ਨਿਸ਼ਚੇ ਹੁੰਦੇ** ਹਨ ਜੋ **ਉਸ ਦੇ ਬਾਹਰੀ ਵਿਹਾਰ ਤੇ ਨਿਯੰਤ੍ਰਣ ਕਰਦੇ ਹਨ**।

1 ਤਿਮੋਥਿਉਸ 1:18-19 *ਅਤੇ **ਨਿਹਚਾ** ਅਤੇ **ਸ਼ੁੱਧ ਅੰਤਹਕਰਨ** ਨੂੰ ਤਕੜਿਆਂ ਰੱਖੀਂ ਜਿਹ ਨੂੰ ਕਈਆਂ ਨੇ **ਛੱਡ** ਕੇ ਨਿਹਚਾ ਦੀ ਬੇੜੀ ਡੋਬ ਦਿੱਤੀ।*

- ਆਪਣੇ ਬੱਚਿਆਂ ਦੀ ਸਹਾਇਤਾ ਕਰੋ ਕਿ ਉਹ ਪਹਿਲਾਂ ਆਗਿਆਕਾਰੀ ਦੇ ਦੁਆਰਾ **ਚੰਗੇ** ਅਤੇ **ਸ਼ੁੱਧ** ਵਿਵੇਕ ਦੇ ਅਨੰਦ ਨੂੰ ਬਣਾਈ ਰੱਖਣ, ਪਰ ਜੇਕਰ ਉਹ ਇਸ ਤਰ੍ਹਾਂ ਨਹੀਂ ਕਰ ਪਾਉਂਦੇ, ਤਾਂ ਉਹ ਪਵਿੱਤਰ ਆਤਮਾ ਦੁਆਰਾ **ਕਾਇਲ ਕੀਤੇ ਜਾਣ ਨੂੰ** ਪਛਾਨਣ ਅਤੇ ਮਾਪਿਆਂ ਅਤੇ ਪਰਮੇਸ਼ੁਰ ਅੱਗੇ ਆਪਣੇ ਗਲਤ ਵਿਹਾਰ (1 ਯੂਹੰਨਾ 1:9) ਦਾ **ਅੰਗੀਕਾਰ** ਕਰਨ।

1 ਤਿਮੋਥਿਉਸ 4:2 ਇਹ ਝੂਠ ਬੋਲਣ ਵਾਲਿਆਂ ਦੇ ਕਪਟ ਤੋਂ ਹੋਵੇਗਾ ਜਿਨ੍ਹਾਂ ਦਾ **ਆਪਣਾ ਹੀ ਅੰਤਹਕਰਨ** ਤੱਤੇ ਲੋਹੇ ਨਾਲ **ਦਾਗਿਆ ਹੋਇਆ ਹੈ**।

1 ਤਿਮੋਥਿਉਸ 1:5 *ਪਰ ਆਗਿਆ ਦਾ **ਤਾਤਪਰਜ** ਉਹ **ਪ੍ਰੇਮ ਹੈ** ਜਿਹੜਾ **ਸ਼ੁੱਧ ਮਨ** ਅਤੇ **ਸਾਫ਼ ਅੰਤਹਕਰਨ** ਅਤੇ **ਨਿਸ਼ਕਪਟ ਨਿਹਚਾ** ਤੋਂ ਹੁੰਦਾ ਹੈ।*

1 ਕੁਰਿੰਥੀਆਂ 13:4-8 **ਪ੍ਰੇਮ ਧੀਰਜਵਾਨ** ਅਤੇ **ਕਿਰਪਾਲੂ ਹੈ**। ਪ੍ਰੇਮ **ਖੁਣਸ ਨਹੀਂ ਕਰਦਾ**। ਪ੍ਰੇਮ **ਫੁੱਲਦਾ ਨਹੀਂ**, ਪ੍ਰੇਮ **ਫੂੰ ਫੂੰ ਨਹੀਂ ਕਰਦਾ**, **ਕੁਚੱਜਿਆਂ ਨਹੀਂ ਕਰਦਾ**, ਆਪ **ਸੁਆਰਥੀ ਨਹੀਂ**, **ਚਿੜ੍ਹਦਾ ਨਹੀਂ**, **ਬੁਰਾ ਨਹੀਂ ਮੰਨਦਾ**। ਉਹ **ਕੁਧਰਮ ਤੋਂ ਅਨੰਦ ਨਹੀਂ ਹੁੰਦਾ** ਸਗੋਂ **ਸਚਿਆਈ ਨਾਲ ਅਨੰਦ ਹੁੰਦਾ ਹੈ**। **ਸਭ ਕੁਝ ਝੱਲ ਲੈਂਦਾ**, **ਸਭਨਾਂ ਗੱਲਾਂ ਦੀ ਪਰਤੀਤ ਕਰਦਾ**, **ਸਭਨਾਂ ਗੱਲਾਂ ਦੀ ਆਸ ਰੱਖਦਾ**, **ਸਭ ਕੁਝ ਸਹਿ ਲੈਂਦਾ**। ...... ਪ੍ਰੇਮ ਕਦੇ ਟਲਦਾ ਨਹੀਂ
ਰੋਮੀਆਂ 13:9-10 *ਏਹ, ਭਈ ਜ਼ਨਾਹ ਨਾ ਕਰ, ਖ਼ੂਨ ਨਾ ਕਰ, ਚੋਰੀ ਨਾ ਕਰ, ਲੋਭ ਨਾ ਕਰ ਅਤੇ ਜੇ ਕੋਈ ਹੋਰ ਹੁਕਮ ਭੀ ਹੋਵੇ ਤਾਂ ਸਭਨਾਂ ਦਾ ਤਾਤਪਰਜ ਐੱਨੀ ਗੱਲ ਵਿੱਚ ਹੈ ਭਈ ਤੂੰ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ। **ਪਿਆਰ ਗੁਆਂਢੀ ਦਾ ਕੁਝ ਬੁਰਾ ਨਹੀਂ ਕਰਦਾ**, ਇਸ ਕਰਕੇ ਪਿਆਰ ਸ਼ਰਾ ਦਾ ਪੂਰਾ ਕਰਨਾ ਹੈ।*

ਸਭ ਤੋਂ ਮਹੱਤਵਪੂਰਣ ਗੱਲ ਜਿਹੜੀ ਤੁਸੀਂ ਆਪਣੇ ਬੱਚਿਆਂ ਨੂੰ ਸਿਖਾ ਸਕਦੇ ਹੋ:

ਅਤੇ ਉਹ ਨੇ ਉਸ ਨੂੰ ਕਿਹਾ, ਤੂੰ ਪ੍ਰਭੂ ਆਪਣੇ **ਪਰਮੇਸ਼ੁਰ** ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ **ਪਿਆਰ ਕਰ**। ਵੱਡਾ ਅਤੇ ਪਹਿਲਾ ਹੁਕਮ ਇਹੋ ਹੈ। ਅਤੇ ਦੂਆ ਇਹ ਦੇ ਵਾਂਙੁ ਹੈ ਕਿ **ਤੂੰ ਆਪਣੇ ਗੁਆਂਢੀ ਨੂੰ** ਆਪਣੇ ਜਿਹਾ **ਪਿਆਰ ਕਰ**। ਇਨ੍ਹਾਂ ਦੋਹਾਂ ਹੁਕਮਾਂ ਉੱਤੇ ਸਾਰੀ ਤੁਰੇਤ ਅਤੇ ਨਬੀਆਂ ਦੇ ਬਚਨ ਟਿਕੇ ਹੋਏ ਹਨ। ਮੱਤੀ 22:37-40

ਆਪਣੇ ਬੱਚਿਆਂ ਵਿੱਚ ਚੰਗੇ ਚਰਿੱਤਰ ਦੇ ਗੁਣਾਂ ਦਾ ਵਿਕਾਸ ਕਰਨ ਲਈ, ਮਾਪਿਆਂ ਦੇ ਆਪਣੇ ਖੁਦ ਦੇ ਜੀਵਨ ਵਿੱਚ ਉਨ੍ਹਾਂ ਨੂੰ ਦਿਖਾਉਣ ਲਈ ਚੰਗੇ ਚਰਿੱਤਰ ਵਾਲੇ ਗੁਣ ਹੋਣੇ ਚਾਹੀਦੇ ਹਨ, ਤਾਂ ਕਿ ਉਹ ਦੇਖਣ, ਉਨ੍ਹਾਂ ਤੋਂ ਸਿੱਖਣ ਅਤੇ ਉਨ੍ਹਾਂ ਅਨੁਸਾਰ ਚੱਲਣ।

---

ਮਾਪਿਆਂ ਲਈ ਇੱਕ ਟਿੱਪਣੀ:

ਪਰਮੇਸ਼ੁਰ ਦੀ ਸਹਾਇਤਾ ਅਤੇ ਕਿਰਪਾ ਉਨ੍ਹਾਂ ਸਾਰਿਆਂ ਲਈ ਉਪਲਬਧ ਹੈ ਜੋ ਉਸ ਨੂੰ ਪੁਕਾਰਦੇ ਹਨ।

2 ਕੁਰਿੰਥੀਆਂ 9:8 *ਅਤੇ ਪਰਮੇਸ਼ੁਰ **ਤੁਹਾਡੇ ਉੱਤੇ ਸਾਰੀ ਕਿਰਪਾ ਬਹੁਤੀ** ਕਰ ਸੱਕਦਾ ਹੈ ਭਈ ਹਰ ਪਰਕਾਰ ਨਾਲ **ਸਦਾ ਸਭ ਕੁਝ** ਤੁਹਾਡੇ ਕੋਲ ਹੋਵੇ ਕਿ ਹਰ ਸ਼ੁਭ ਕਰਮ ਲਈ ਤੁਹਾਡੇ ਕੋਲ **ਵਾਫ਼ਰ** ਭੀ ਹੋਵੇ।* ਪਰਮੇਸ਼ੁਰ ਤੁਹਾਡੇ ਬੱਚਿਆਂ ਨੂੰ ਸਿਖਾਉਣ ਵਿੱਚ ਤੁਹਾਡੀ ਸਹਾਇਤਾ ਕਰੇਗਾ।

---

ਅਫਸੀਆਂ 5:2 ਅਤੇ **ਪ੍ਰੇਮ ਨਾਲ ਚੱਲੋ** ਜਿਵੇਂ ਮਸੀਹ ਨੇ ਵੀ ਤੁਹਾਡੇ ਨਾਲ ਪ੍ਰੇਮ ਕੀਤਾ ਅਤੇ ਸਾਡੇ ਲਈ ਆਪਣੇ ਆਪ ਨੂੰ ਪਰਮੇਸ਼ੁਰ ਦੇ ਅੱਗੇ ਭੇਟ ਅਤੇ ਬਲੀਦਾਨ ਕਰ ਕੇ ਧੂਪ ਦੀ ਸੁਗੰਧ ਲਈ ਦੇ ਦਿੱਤਾ।

ਕੁਲੁੱਸੀਆਂ 1:10 ਤਾਂ ਜੋ ਤੁਸੀਂ ਅਜਿਹੀ ਜੋਗ ਚਾਲ **ਚੱਲੋ** ਜਿਹੜੀ **ਪ੍ਰਭੂ ਨੂੰ** ਹਰ ਤਰਾਂ ਨਾਲ **ਭਾਵੇ** ਅਤੇ ਹਰੇਕ ਸ਼ੁਭ ਕਰਮ ਵਿੱਚ ਫਲਦੇ ਰਹੋ ਅਤੇ ਪਰਮੇਸ਼ੁਰ ਦੀ ਪਛਾਣ ਵਿੱਚ ਵੱਧਦੇ ਰਹੋ।

1 ਥਸਲੁਨੀਕੀਆਂ 4:1 ਮੁਕਦੀ ਗੱਲ, ਹੇ ਭਰਾਵੋ, ਅਸੀਂ ਪ੍ਰਭੂ ਯਿਸੂ ਵਿੱਚ ਤੁਹਾਡੇ ਅੱਗੇ ਬੇਨਤੀ ਕਰਦੇ ਅਤੇ ਤੁਹਾਨੂੰ ਤਗੀਦ ਕਰਦੇ ਹਾਂ ਕਿ ਜਿਵੇਂ ਤੁਸਾਂ ਸਾਥੋਂ ਸਿੱਖਿਆ ਪਾਈ ਭਈ ਕਿੱਕੁਰ ਚੱਲਣਾ ਅਤੇ **ਪਰਮੇਸ਼ੁਰ ਨੂੰ ਪਰਸੰਨ** ਕਰਨਾ ਚਾਹੀਦਾ ਹੈ- ਜਿਵੇਂ ਤੁਸੀਂ ਚੱਲਦੇ ਵੀ ਹੋ-ਸੋ ਇਸ ਵਿੱਚ **ਹੋਰ ਭੀ ਵਧਦੇ ਚੱਲੇ ਜਾਓ**।

- **ਮਾਪਿਆਂ ਦੁਆਰਾ ਗੁਜ਼ਾਰਿਆ ਜਾਣ ਵਾਲਾ ਅਨੁਸ਼ਾਸਤ ਜੀਵਨ ਬੱਚੇ ਨੂੰ ਸਿਖਾਉਣ ਦਾ ਪਹਿਲਾ ਕਦਮ ਹੈ** ਜੋ . . .
    - **ਉਹੋ ਕਰੇਗਾ ਜੋ ਸਹੀ ਹੈ** ਅਤੇ ਸਹੀ ਢੰਗ ਨਾਲ, ਸਹੀ ਸਮੇਂ ਤੇ ਅਤੇ ਸਹੀ ਰਵੱਈਏ ਨਾਲ ਕਰੇਗਾ ਭਾਵੇਂ ਇਹ ਮੁਸ਼ਕਲ ਜਾਂ ਪਸੰਦ ਨਾ ਕੀਤਾ ਜਾਂਦਾ ਹੋਵੇ।
    - **ਸਹੀ ਕੰਮ ਕਰੇਗਾ** ਭਾਵੇਂ ਇਹ ਮੁਸ਼ਕਲ ਹੋਵੇ ਜਾਂ ਇਸ ਦੀ ਵੱਡੀ ਕੀਮਤ ਚੁਕਾਉਣੀ ਪਵੇ।
- **ਬੱਚਿਆਂ ਨੂੰ ਉਹ ਕਰਨਾ ਸਿਖਾਇਆ ਜਾਣਾ ਚਾਹੀਦਾ ਹੈ ਜੋ ਸਹੀ ਹੈ** – ਅਤੇ ਉਨ੍ਹਾਂ ਤੋਂ ਇਹ ਕਰਾਉਣਾ ਚਾਹੀਦਾ ਹੈ – ਜਦੋਂ ਤੱਕ ਉਹ ਸੁਭਾਵਿਕ ਤੌਰ ਤੇ ਅਤੇ ਆਪਣੇ ਆਪ ਸਹੀ ਕੰਮ ਨਹੀਂ ਕਰਨ ਲੱਗ ਜਾਂਦੇ।
- ਅੰਤਿਮ ਟੀਚਾ – ਅੱਤ ਜ਼ਰੂਰੀ ਚੀਜ਼ – ਇਹ ਹੈ ਕਿ ਬੱਚਾ **ਆਪਣੇ ਚਰਿੱਤਰ** ਦੇ ਅਧਾਰ ਤੇ **ਆਪਣੇ ਆਪ ਨੂੰ ਅਨੁਸ਼ਾਸਤ** ਕਰਨ ਲੱਗ ਜਾਵੇ।

1 ਕੁਰਿੰਥੀਆਂ 9:27 *ਸਗੋਂ ਆਪਣੇ ਸਰੀਰ ਨੂੰ **ਮਾਰਦਾ ਕੁੱਟਦਾ** ਅਤੇ ਉਹ ਨੂੰ ਆਪਣੇ ਵੱਸ ਵਿੱਚ ਲਿਆਉਂਦਾ ਹਾਂ*

ਕੁਲੁੱਸੀਆਂ 2:5 *ਕਿਉਂ ਜੋ ਮੈਂ ਭਾਵੇਂ ਸਰੀਰ ਕਰਕੇ ਤੁਹਾਥੋਂ ਪਰੋਖੇ ਹਾਂ ਪਰ ਆਤਮਾ ਕਰਕੇ ਤੁਹਾਡੇ ਕੋਲ ਹਾਂ ਅਤੇ ਤੁਹਾਡੀ **ਮਰਜਾਦਾ** ਅਤੇ ਤੁਹਾਡੀ ਮਸੀਹ ਉੱਤੇ ਨਿਹਚਾ ਦੀ **ਦ੍ਰਿੜ੍ਹਤਾ** ਵੇਖ ਕੇ ਅਨੰਦ ਹੁੰਦਾ ਹਾਂ।*

1 ਤਿਮੋਥਿਉਸ 4:7 *ਭਗਤੀ ਲਈ ਆਪ **ਸਾਧਨਾ** ਕਰ।*

ਪਰਮੇਸ਼ੁਰ ਜਾਣਦਾ ਸੀ ਕਿ ਅੱਯੂਬ ਇੱਕ **ਖਰਾ ਵਿਅਕਤੀ** ਸੀ, ਜਦੋਂ ਉਸ ਨੇ ਸ਼ੈਤਾਨ ਨੂੰ ਕਿਹਾ ਕਿ ਕਸ਼ਟਾਂ ਦੇ ਬਾਵਜੂਦ ਵੀ . . . *"ਪਿਰਥਵੀ ਵਿੱਚ ਉਹ ਦੇ ਜਿਹਾ ਕੋਈ ਨਹੀਂ। ਉਹ **ਖਰਾ** ਤੇ **ਨੇਕ** ਮਨੁੱਖ ਹੈ ਜੋ **ਪਰਮੇਸ਼ੁਰ ਤੋਂ ਡਰਦਾ** ਅਤੇ **ਬੁਰਿਆਈ ਤੋਂ ਦੂਰ ਰਹਿੰਦਾ** ਹੈ ਭਾਵੇਂ ਤੈਂ ਮੈਨੂੰ ਚੁੱਕਿਆ ਕਿ ਮੈਂ ਧਗਾਣੇ ਉਸ ਨੂੰ ਨਾਸ ਕਰਾਂ ਅੱਜ ਤੀਕ ਉਸ ਨੇ **ਆਪਣੀ ਖਰਿਆਈ ਨੂੰ ਤਕੜਾ ਕਰ ਕੇ ਫੜਿਆ ਹੋਇਆ ਹੈ।**"* ਅੱਯੂਬ 2:3

ਅੱਯੂਬ ਨੇ **ਕਦੇ ਵੀ** ਪਰਮੇਸ਼ੁਰ ਉੱਤੇ ਭਰੋਸਾ ਕਰਨਾ ਅਤੇ ਜੋ ਸਹੀ ਸੀ **ਉਹ ਕਰਨਾ ਨਹੀਂ** ਛੱਡਿਆ, ਇੱਥੋਂ ਤੱਕ ਕਿ ਉਸ ਦਾ **ਪਰਿਵਾਰ**, ਉਸ ਦਾ **ਮਾਲ ਧਨ** ਅਤੇ ਉਸ ਦੀ **ਸਿਹਤ** ਸਭ ਕੁਝ ਉਸ ਤੋਂ ਲੈ ਲਿਆ ਗਿਆ। ਉਸ ਦੇ ਕੋਲ ਖਰਾਈ ਜਾਂ ਚਰਿੱਤਰ ਸੀ। **ਉਹ ਲਗਾਤਾਰ ਜੋ ਸਹੀ ਸੀ ਉਹੋ ਕਰਦਾ ਰਿਹਾ ਕਿਉਂਕਿ ਇਹ ਉਸ ਦੇ ਅੰਦਰ ਵੱਸਿਆ ਹੋਇਆ ਸੀ।** ਇਹ ਹੈ ਖਰਾਈ।

- ਸੰਸਾਰ ਨੂੰ ਅੱਯੂਬ ਵਰਗੇ ਹੋਰ ਲੋਕਾਂ ਦੀ ਜ਼ਰੂਰਤ ਹੈ!

ਰੋਮੀਆਂ 5:3-4 ਨਿਰਾ ਇਹੋ ਨਹੀਂ ਸਗੋਂ **ਬਿਪਤਾਂ** ਵਿੱਚ ਵੀ ਅਭਮਾਨ ਕਰੀਏ ਕਿਉਂ ਜੋ ਇਹ ਜਾਣਦੇ ਹਾਂ ਭਈ ਬਿਪਤਾ ਧੀਰਜ ਪੈਦਾ ਕਰਦੀ ਹੈ। ਅਤੇ ਧੀਰਜ ਦ੍ਰਿੜ੍ਹਤਾ ਅਤੇ ਦ੍ਰਿੜ੍ਹਤਾ ਆਸ ਪੈਦਾ ਕਰਦੀ ਹੈ।

ਜਿਵੇਂ ਇਹ ਕਹਾਵਤ ਹੈ – ਨਿੰਬੂ ਨੂੰ ਨਿਚੋੜੋ ਤਾਂ ਨਿੰਬੂ ਦਾ ਰਸ ਬਾਹਰ ਆਵੇਗਾ।
ਅੰਦਰ ਕੀ ਹੈ ਇਸ ਦੀ ਸੱਚੀ ਪਰਖ ਇਹ ਹੈ ਕਿ ਦਬਾਓ ਹੇਠ ਅੰਦਰੋਂ ਕੀ ਨਿੱਕਲਦਾ ਹੈ।

ਕਹਾਉਤਾਂ 22:6 *ਬਾਲਕ ਨੂੰ ਉਹ ਦਾ **ਠੀਕ ਰਾਹ ਸਿਖਲਾ**, ਤਾਂ ਉਹ ਵੱਡਾ ਹੋ ਕੇ ਵੀ ਉਸ ਤੋਂ ਕਦੀ ਨਾ ਹਟੇਗਾ।*

**ਤੁਹਾਡੇ ਸਾਰੇ ਕੰਮ ਪ੍ਰੇਮ ਨਾਲ ਹੋਣ**। 1 ਕੁਰਿੰਥੀਆਂ 16:14

VI. ਚਰਿੱਤਰ ਦੇ ਮਹੱਤਵਪੂਰਣ ਗੁਣ ਜੋ ਹਰੇਕ ਵਿਅਕਤੀ ਵਿੱਚ ਹੋਣੇ ਜ਼ਰੂਰੀ ਹਨ:

ਚਰਿੱਤਰ – ਤੁਸੀਂ ਉਸ ਸਮੇਂ ਕੀ ਹੋ ਜਦੋਂ ਕੇਵਲ ਪਰਮੇਸ਼ੁਰ ਹੀ ਦੇਖ ਰਿਹਾ ਹੈ, ਕੋਈ ਹੋਰ ਨਹੀਂ।

**ਆਗਿਆ ਮੰਨਣਾ** - ਉਹ ਕਰਨਾ ਜੋ ਅਧਿਕਾਰੀ ਕਰਨ ਲਈ ਆਖਦੇ ਜਾਂ ਮੰਗ ਕਰਦੇ ਹਨ।

- ਇਹ "ਆਪਣੀ ਮਰਜ਼ੀ ਕਰਨ" ਜਾਂ ਸਵੈ-ਇੱਛਾ ਅਨੁਸਾਰ ਕਰਨ ਦੇ ਉਲਟ ਹੈ।

  ਲੂਕਾ 9:24 ਕਿਉਂਕਿ ਜਿਹੜਾ ਆਪਣੀ ਜਾਨ ਬਚਾਉਣੀ ਚਾਹੇ ਉਹ ਉਸ ਨੂੰ ਗੁਆਵੇਗਾ ਪਰ ਜਿਹੜਾ ਮੇਰੇ ਲਈ ਆਪਣੀ ਜਾਨ ਗੁਆਵੇ ਉਹ ਉਸ ਨੂੰ ਬਚਾਵੇਗਾ।

- ਆਗਿਆ ਮੰਨਣਾ ਵਿੱਚ ਉਹ ਕਰਨਾ ਸ਼ਾਮਲ ਹੈ ਜੋ ਇੱਕ ਅਧਿਕਾਰੀ ਕਰਨ ਲਈ ਆਖਦਾ ਹੈ ਜਾਂ ਚਾਹੁੰਦਾ ਹੈ ਕਿ ਅਸੀਂ ਕਰੀਏ। ਅਤੇ ਤੁਰੰਤ, ਆਦਰ ਪੂਰਵਕ ਅਤੇ ਪੂਰੀ ਤਰ੍ਹਾਂ ਖ਼ੁਸ਼ੀ ਨਾਲ ਕਰਨਾ।
- ਆਪਣੇ ਉਪਰਲੇ ਅਧਿਕਾਰੀਆਂ ਦੀ ਆਗਿਆ ਮੰਨਣਾ ਪਰਮੇਸ਼ੁਰ ਦੀ ਆਗਿਆ ਮੰਨਣਾ ਹੈ। ਉਹ ਹੀ ਹੈ ਜੋ ਸਾਨੂੰ ਅਧਿਕਾਰੀਆਂ ਦੀ ਆਗਿਆ ਮੰਨਣ ਦਾ ਹੁਕਮ ਦਿੰਦਾ ਹੈ, ਭਾਵੇਂ ਉਹ ਚੰਗੇ ਹਨ ਜਾਂ ਬੁਰੇ।

ਯੂਹੰਨਾ 3:36 ਪੁੱਤਰ ਦੀ ਮੰਨੋ

ਰਸੂਲਾਂ ਦੇ ਕਰਤੱਬ 5:29 ਪਰਮੇਸ਼ੁਰ ਦਾ ਹੁਕਮ ਮੰਨਣਾ ਜ਼ਰੂਰੀ ਹੈ

ਅਫਸੀਆਂ 6:1 ਮਾਪਿਆਂ ਦੇ ਆਗਿਆਕਾਰ ਰਹੋ

ਕੁਲੁੱਸੀਆਂ 3:22 ਆਪਣੇ ਸੰਸਾਰਕ ਮਾਲਕਾਂ ਦੀ ਆਗਿਆਕਾਰੀ ਕਰੋ

2 ਥਸਲੁਨੀਕੀਆ 1:8 ਸਾਡੇ ਪ੍ਰਭੂ ਯਿਸੂ ਦੀ ਇੰਜੀਲ ਨੂੰ ਮੰਨੋ

ਇਬਰਾਨੀਆਂ 13:17 ਆਪਣੇ ਆਗੂਆਂ ਦੀ ਆਗਿਆਕਾਰੀ ਕਰੋ ਅਤੇ ਉਹਨਾਂ ਦੇ ਅਧੀਨ ਰਹੋ

1 ਪਤਰਸ 1:2 ਯਿਸੂ ਮਸੀਹ ਦੇ ਆਗਿਆਕਾਰ ਰਹੋ

*ਬਾਲਕ ਨੂੰ ਉਹ ਦਾ **ਠੀਕ ਰਾਹ ਸਿਖਲਾ**, ਤਾਂ ਉਹ ਵੱਡਾ ਹੋ ਕੇ ਵੀ ਉਸ ਤੋਂ ਕਦੀ ਨਾ ਹਟੇਗਾ।*

**ਤੁਹਾਡੇ ਸਾਰੇ ਕੰਮ ਪ੍ਰੇਮ ਨਾਲ ਹੋਣ**। 1 ਕੁਰਿੰਥੀਆਂ 16:14

**ਆਦਰ** – ਦੂਸਰਿਆਂ ਨੂੰ ਦਿੱਤਾ ਜਾਣ ਵਾਲਾ ਸੱਚਾ ਆਦਰ ਅਤੇ ਉੱਚਾ ਮਹੱਤਵ।

ਸੁਨਿਹਰਾ ਨਿਯਮ:

***ਸੋ ਜੋ ਕੁਝ ਤੁਸੀਂ ਚਾਹੁੰਦੇ ਹੋ ਜੋ ਮਨੁੱਖ ਤੁਹਾਡੇ ਨਾਲ ਕਰਨ ਤੁਸੀਂ ਵੀ ਉਨ੍ਹਾਂ ਨਾਲ ਓਵੇਂ ਹੀ ਕਰੋ।*** ਮੱਤੀ 7:12

**ਆਦਰ ਇਹ ਹੈ:**

- ਇਹ ਪਛਾਨਣਾ ਕਿ **ਦੂਸਰੇ** ਪਰਮੇਸ਼ੁਰ ਲਈ ਬਹੁਤ **ਕੀਮਤੀ** ਅਤੇ ਪਿਆਰੇ ਹਨ। ਇੱਕ ਵਿਅਕਤੀ ਦੇ ਤੌਰ ਤੇ ਉਨ੍ਹਾਂ ਦੀ **ਕੀਮਤ** ਉਸ ਮੁੱਲ ਦੁਆਰਾ ਤੈਅ ਹੁੰਦੀ ਹੈ ਜੋ ਯਿਸੂ ਨੇ ਸਲੀਬ ਉੱਤੇ ਉਨ੍ਹਾਂ ਨੂੰ ਛੁਡਾਉਣ ਜਾਂ ਆਪਣੇ ਲਈ ਖ਼੍ਰੀਦਣ ਵਾਸਤੇ ਦਿੱਤਾ।

- ਮੰਮੀ-ਪਾਪਾ ਨੂੰ **ਇੱਕ ਦੂਸਰੇ ਦਾ ਬਹੁਤ ਆਦਰ** ਕਰਨਾ ਚਾਹੀਦਾ ਹੈ ਅਤੇ ਆਪਣੇ ਸ਼ਬਦਾਂ ਨਾਲ ਦੂਸਰਿਆਂ ਦਾ ਵੀ ਆਦਰ ਕਰਨਾ ਚਾਹੀਦਾ ਹੈ ਅਤੇ ਆਪਣੇ ਬੱਚਿਆਂ ਨੂੰ ਵੀ ਇਹੋ ਹੀ ਕਰਨਾ ਸਿਖਾਉਣਾ ਚਾਹੀਦਾ ਹੈ। **ਕਦੇ ਵੀ** ਕਿਸੇ ਪ੍ਰਕਾਰ ਦੇ ਨਿਰਾਦਰ ਅਤੇ ਦੁੱਖ ਦੇਣ ਵਾਲੀਆਂ ਗੱਲਾਂ ਜਾਂ ਕੰਮ **ਨਹੀਂ** ਹੋਣ ਦੇਣੇ ਚਾਹੀਦੇ।

- ਮੰਮੀ-ਪਾਪਾ ਨੂੰ **ਹਮੇਸ਼ਾ** ਆਪਣੇ ਬੱਚਿਆਂ ਨਾਲ **ਆਦਰ ਵਾਲਾ** ਵਿਹਾਰ ਕਰਨਾ ਚਾਹੀਦਾ ਹੈ ਜਿਸ ਨਾਲ ਇੱਕ ਵਿਅਕਤੀ ਦੇ ਰੂਪ ਵਿੱਚ ਬੱਚੇ ਦੀ ਯੋਗਤਾ ਨੂੰ ਬਲ ਮਿਲੇਗਾ, ਇੱਥੋਂ ਤੱਕ ਕੇ ਅਨੁਸ਼ਾਸਨ ਸਿਖਾਏ ਜਾਣ ਦੇ ਦੌਰਾਨ ਵੀ।

ਕੁਲੁੱਸੀਆਂ 4:6 *ਤੁਹਾਡੀ ਗੱਲ ਬਾਤ **ਸਦਾ ਕਿਰਪਾਮਈ** ਅਤੇ ਸਲੂਣੀ* (ਭੋਜਨ ਦੇ ਸੁਆਦ ਨੂੰ ਬੇਹਤਰ

ਬਣਾਉਂਦਾ ਹੈ) *ਹੋਵੇ ਤਾਂ ਜੋ ਤੁਸੀਂ ਜਾਣੋ ਭਈ ਹਰੇਕ ਨੂੰ ਕਿਵੇਂ ਉੱਤਰ ਦੇਣਾ ਚਾਹੀਦਾ ਹੈ।*

- ਮੰਮੀ ਅਤੇ ਪਾਪਾ ਨੂੰ ਕਿਸੇ ਵੀ ਵਿਅਕਤੀ, ਜਾਤੀ, ਲੋਕਾਂ ਦੇ ਸਮੂਹ ਜਾਂ ਸ਼੍ਰੇਣੀ ਨਾਲ ਮਤਭੇਦ **ਨਹੀਂ** ਰੱਖਣਾ **ਚਾਹੀਦਾ**।

- **ਲੜਕੇ** ਔਰਤਾਂ ਨੂੰ **ਆਦਰ ਦੇਣਾ ਸਿੱਖਦੇ ਹਨ** ਜਦੋਂ ਉਹ ਦੇਖਦੇ ਹਨ ਕਿ ਉਨ੍ਹਾਂ ਦਾ ਪਿਤਾ ਖੜ੍ਹਾ ਹੁੰਦਾ ਹੈ ਜਦੋਂ ਕੋਈ ਔਰਤ ਕਮਰੇ ਵਿੱਚ ਦਾਖਲ ਹੁੰਦੀ ਹੈ, ਜਾਂ ਉਨ੍ਹਾਂ ਦੀ ਮਾਂ ਅਤੇ ਭੈਣਾਂ ਨੂੰ ਆਦਰ ਨਾਲ ਮੇਜ਼ 'ਤੇ ਬਿਠਾਉਂਦਾ ਹੈ, ਉਨ੍ਹਾਂ ਲਈ ਦਰਵਾਜ਼ਾ ਖੋਲ੍ਹਦਾ ਹੈ ਅਤੇ ਉਹ ਕਰਦਾ ਹੈ ਜਿਸ ਨਾਲ ਉਨ੍ਹਾਂ ਨੂੰ ਆਦਰ ਮਿਲਦਾ ਹੈ। ਲੜਕਿਆਂ ਨੂੰ ਇਸੇ ਤਰ੍ਹਾਂ ਕਰਨਾ ਸਿਖਾਇਆ ਜਾਣਾ ਚਾਹੀਦਾ ਹੈ।

ਲੇਵਿਆਂ 19:32 *ਤੈਂ ਧਉਲੇ ਸਿਰ ਦੇ ਅੱਗੇ **ਉਠਣਾ**, ਬੁੱਢੇ ਦੇ ਮੂੰਹ ਦਾ **ਆਦਰ ਕਰਨਾ** ਅਤੇ ਆਪਣੇ ਪਰਮੇਸ਼ੁਰ ਤੋਂ **ਡਰਨਾ**। ਮੈਂ ਯਹੋਵਾਹ ਹਾਂ।*

ਰੋਮੀਆਂ 13:7 ***ਸਭਨਾਂ ਦਾ ਹੱਕ ਭਰ ਦਿਓ** .... **ਜਿਹ ਦਾ ਆਦਰ ਚਾਹੀਦਾ ਹੈ ਆਦਰ ਕਰੋ।***

- **ਬੱਚਿਆਂ ਨੂੰ ਇਨ੍ਹਾਂ ਦਾ ਆਦਰ ਕਰਨਾ ਸਿਖਾਉਣਾ ਚਾਹੀਦਾ ਹੈ**:

  - **ਉਨ੍ਹਾਂ ਦੀਆਂ ਆਪਣੀਆਂ ਚੀਜ਼ਾਂ ਦਾ** ਆਪਣੇ ਕਮਰੇ ਨੂੰ ਸਾਫ਼ ਰੱਖਣ ਦੁਆਰਾ, ਖਿਡਾਉਣਿਆਂ ਨੂੰ ਖੇਡਣ ਤੋਂ ਬਾਅਦ ਸਹੀ ਸਥਾਨ ਉੱਤੇ ਰੱਖਣ ਦੁਆਰਾ। ਸਵੇਰ ਸਮੇਂ ਬਿਸਤਰੇ ਨੂੰ ਠੀਕ ਕਰਨਾ।

  - **ਦੂਸਰਿਆਂ ਦੇ ਸਮਾਨ ਅਤੇ ਚੀਜ਼ਾਂ** ਦਾ ਆਦਰ ਕਰਨਾ, ਬਿਨ੍ਹਾਂ ਪੁੱਛੇ ਤੋਂ ਕਿਸੇ ਦੂਸਰੇ ਦੀ ਚੀਜ਼ ਨਾ ਲੈਣਾ। ਅਤੇ ਜੇਕਰ ਇਜਾਜ਼ਤ ਮਿਲਦੀ ਹੈ ਤਾਂ ਇਸ ਦੀ ਸਹੀ ਦੇਖਭਾਲ ਕਰਨਾ ਅਤੇ ਇਸ ਨੂੰ ਇਸ ਦੇ ਸਹੀ ਸਥਾਨ 'ਤੇ ਵਾਪਸ ਰੱਖਣਾ।

  - **ਦੂਸਰਿਆਂ ਦੇ ਨਿੱਜੀ ਦਾਇਰੇ** ਅਤੇ ਉਨ੍ਹਾਂ ਦੇ **ਇਕਾਂਤ** ਦਾ ਆਦਰ ਕਰਨਾ, ਉਨ੍ਹਾਂ ਦੇ ਪਰਿਵਾਰ ਤੋਂ ਸ਼ੁਰੂ ਕਰਦੇ ਹੋਏ।

1 ਪਤਰਸ 2:18 *ਹੇ ਨੌਕਰੋ, ਪੂਰੇ **ਅਦਬ** ਨਾਲ ਆਪਣੇ ਮਾਲਕਾਂ ਦੇ ਅਧੀਨ ਰਹੋ,—ਨਿਰੇ ਭਲਿਆਂ ਅਤੇ ਅਸੀਲਾਂ ਦੇ ਹੀ ਨਹੀਂ ਸਗੋਂ ਕਰੜੇ ਸੁਭਾਉ ਵਾਲਿਆਂ ਦੇ **ਭੀ**।*

ਲੂਕਾ 18:2 *ਕਿ ਕਿਸੇ ਨਗਰ ਵਿੱਚ ਇੱਕ ਹਾਕਮ ਸੀ **ਜਿਹ ਨੂੰ ਨਾ ਪਰਮੇਸ਼ੁਰ ਦਾ ਭੈ, ਨਾ ਮਨੁੱਖ ਦੀ ਪਰਵਾਹ ਸੀ**।*

- ਪਰਮੇਸ਼ੁਰ ਲਈ ਸਾਡਾ **ਡਰ** ਜਾਂ **ਭੈ** ਅਤੇ ਦੂਸਰਿਆਂ ਲਈ ਸਾਡਾ **ਆਦਰ** ਨਾਲੋ-ਨਾਲ ਚੱਲਦੇ ਹਨ।

- **ਬੱਚਿਆਂ ਨੂੰ** ਆਦਰ ਪੂਰਵਕ ਪਰਮੇਸ਼ੁਰ ਦਾ ਭੈ ਮੰਨਣਾ ਅਤੇ ਸਾਰੀ ਮਨੁੱਖਤਾ ਦਾ ਆਦਰ ਕਰਨਾ **ਜ਼ਰੂਰ ਸਿਖਾਉਣਾ ਚਾਹੀਦਾ ਹੈ।**

  ਲੇਵਿਆਂ 19:30 *ਤੁਸਾਂ ਮੇਰਿਆਂ ਸਬਤਾਂ ਨੂੰ ਮਨਾਉਣਾ ਅਤੇ ਮੇਰੇ ਪਵਿੱਤਰ ਅਸਥਾਨ ਦਾ* ***ਆਦਰ ਕਰਨਾ****। ਮੈਂ ਯਹੋਵਾਹ ਹਾਂ।*

- **ਪਰਮੇਸ਼ੁਰ ਲਈ ਭੈ ਇਨ੍ਹਾਂ ਗੱਲਾਂ ਦੁਆਰਾ ਸਿਖਾਇਆ ਜਾਂਦਾ ਹੈ:**

  - ਮਿਲਕੇ ਪ੍ਰਾਰਥਨਾ ਕਰਨ ਸਮੇਂ ਆਪਣੇ ਸਿਰਾਂ ਨੂੰ ਝੁਕਾਉਣਾ ਅਤੇ ਅੱਖਾਂ ਨੂੰ ਬੰਦ ਕਰਨਾ, ਜਿਵੇਂ ਕਿ ਭੋਜਨ ਦੇ ਸਮੇਂ। ਅੱਖਾਂ ਨੂੰ ਬੰਦ ਕਰਨਾ ਬੱਚਿਆਂ ਨੂੰ ਭੋਜਨ ਅਤੇ ਦੂਸਰੇ ਬੱਚਿਆਂ ਤੋਂ ਧਿਆਨ ਹਟਾ ਕੇ ਇਸ ਨੂੰ ਪਰਮੇਸ਼ੁਰ ਅਤੇ ਪ੍ਰਾਰਥਨਾ ਉੱਤੇ ਲਾਉਣ ਵਿੱਚ ਸਹਾਇਤਾ ਕਰਦਾ ਹੈ।

  - ਕਲੀਸਿਯਾ ਵਿੱਚ ਜਾਣ ਸਮੇਂ ਵਧੀਆ ਢੰਗ ਨਾਲ ਕੱਪੜੇ ਪਹਿਨਣਾ, ਉੱਥੇ ਧਿਆਨ ਨਾਲ ਸੁਣਨਾ ਅਤੇ ਸ਼ਾਮਲ ਹੋਣਾ।

  - ਸੁਜ਼ਾਨਾ ਵੇਸਲੀ ਭੋਜਨ ਦੇ ਸਮੇਂ ਆਪਣੇ ਬੱਚਿਆਂ ਨੂੰ ਚੰਗੇ ਢੰਗ ਨਾਲ ਕੱਪੜੇ ਪਹਿਨਾਉਂਦੀ ਸੀ ਅਤੇ ਮੇਜ਼ ਉੱਤੇ ਉਨ੍ਹਾਂ ਦੇ ਵਿਹਾਰ ਨੂੰ ਦੇਖਦੀ ਸੀ ਜੋ ਦੂਸਰਿਆਂ ਲਈ ਆਦਰ ਦਿਖਾਉਂਦਾ ਹੈ।

ਲੂਕਾ 20:13 *ਤਦ ਬਾਗ ਦੇ ਮਾਲਕ ਨੇ ਕਿਹਾ, ਮੈਂ ਕੀ ਕਰਾਂ? ਮੈਂ ਆਪਣੇ ਪਿਆਰੇ ਪੁੱਤਰ ਨੂੰ ਘੱਲਾਂਗਾ,* ***ਕੀ ਜਾਣੀਏ ਭਈ ਓਹ ਉਸ ਦਾ ਲਿਹਾਜ਼ ਕਰਨ****।* ਕੀ ਉਨ੍ਹਾਂ ਨੇ ਕੀਤਾ???

*ਬਾਲਕ ਨੂੰ ਉਹ ਦਾ* ***ਠੀਕ ਰਾਹ ਸਿਖਲਾ****, ਤਾਂ ਉਹ ਵੱਡਾ ਹੋ ਕੇ ਵੀ ਉਸ ਤੋਂ ਕਦੀ ਨਾ ਹਟੇਗਾ।*

**ਤੁਹਾਡੇ ਸਾਰੇ ਕੰਮ ਪ੍ਰੇਮ ਨਾਲ ਹੋਣ**। 1 ਕੁਰਿੰਥੀਆਂ 16:14

**ਸ਼ੁਕਰਗੁਜ਼ਾਰੀ**

ਲੂਕਾ 17:15-17 ਤਾਂ ਉਨ੍ਹਾਂ ਵਿੱਚੋਂ ਇੱਕ ਇਹ ਵੇਖ ਕੇ ਜੋ ਮੈਂ ਚੰਗਾ ਹੋਇਆ **ਵੱਡੀ ਅਵਾਜ਼ ਨਾਲ ਪਰਮੇਸ਼ੁਰ ਦੀ ਵਡਿਆਈ ਕਰਦਾ ਹੋਇਆ** ਮੁੜ ਆਇਆ। (16) ਅਤੇ ਮੂੰਹ ਦੇ ਭਾਰ ਉਹ ਦੇ ਪੇਰੀਂ ਪੈ ਕੇ ਉਹ ਦਾ **ਸ਼ੁਕਰ ਕੀਤਾ**, ਅਤੇ ਉਹ ਸਾਮਰੀ ਸੀ। (17) ਪਰ ਯਿਸੂ ਨੇ ਅੱਗੋਂ ਆਖਿਆ, **ਭਲਾ, ਦਸੇ ਸ਼ੁੱਧ ਨਹੀਂ ਹੋਏ? ਤਾਂ ਓਹ ਨੌ ਕਿੱਥੇ ਹਨ**?

ਇਨ੍ਹਾਂ ਸਾਰਿਆਂ ਗੁਣਾਂ ਵਾਂਗ, ਬਹੁਤਿਆਂ ਲਈ ਸ਼ੁਕਰਗੁਜ਼ਾਰ ਹੋਣਾ ਵੀ ਸੁਭਾਵਿਕ ਨਹੀਂ ਹੈ।

1 ਥਸਲੁਨੀਕੀਆ 5:18 ***ਹਰ ਹਾਲ ਵਿੱਚ ਧੰਨਵਾਦ ਕਰੋ*** *ਕਿਉਂ ਜੋ ਤੁਹਾਡੇ ਲਈ ਮਸੀਹ ਯਿਸੂ ਵਿੱਚ ਪਰਮੇਸ਼ੁਰ ਦੀ ਇਹੋ ਇੱਛਿਆ ਹੈ।*

2 ਥਸਲੁਨੀਕੀਆ 2:13 *ਪਰ ਹੇ ਭਰਾਵੋ, ਪ੍ਰਭੂ ਦੇ ਪਿਆਰਿਓ,* ***ਸਾਨੂੰ ਚਾਹੀਦਾ ਹੈ ਜੋ*** *ਤੁਹਾਡੇ ਲਈ* ***ਸਦਾ*** *ਪਰਮੇਸ਼ੁਰ ਦਾ* ***ਧੰਨਵਾਦ ਕਰੀਏ*** *ਇਸ ਕਰਕੇ ਜੋ ਪਰਮੇਸ਼ੁਰ ਨੇ ਆਦ ਤੋਂ ਹੀ ਤੁਹਾਨੂੰ ਚੁਣ ਲਿਆ ਭਈ ਤੁਹਾਨੂੰ ਆਤਮਾ ਤੋਂ ਪਵਿੱਤਰ ਹੋਣ ਨਾਲ ਅਤੇ ਸੱਚ ਨੂੰ ਮੰਨਣ ਨਾਲ ਮੁਕਤੀ ਹੱਥ ਆਵੇ।*

ਇਬਰਾਨੀਆਂ 13:15 *ਸੋ ਅਸੀਂ ਉਹ ਦੇ ਦੁਆਰਾ ਉਸਤਤ ਦਾ ਬਲੀਦਾਨ ਅਰਥਾਤ ਉਨ੍ਹਾਂ* ***ਬੁੱਲ੍ਹਾਂ ਦਾ ਫਲ*** *ਜਿਹੜੇ ਉਹ ਦੇ ਨਾਮ ਨੂੰ ਮੰਨ ਲੈਂਦੇ ਹਨ ਪਰਮੇਸ਼ੁਰ ਦੇ ਅੱਗੇ* ***ਸਦਾ ਚੜ੍ਹਾਇਆ ਕਰੀਏ***।

ਬੱਚੇ ਜਦੋਂ ਬੋਲਣਾ ਸ਼ੁਰੂ ਹੀ ਕਰਦੇ ਹਨ ਉਨ੍ਹਾਂ ਨੂੰ "**ਧੰਨਵਾਦ**" ਕਹਿਣਾ ਸਿਖਾਉਣਾ ਚਾਹੀਦਾ ਹੈ। ਧੰਨਵਾਦ ਭੋਜਨ ਲਈ ਕਰਨਾ ਚਾਹੀਦਾ ਹੈ, ਕਿਸੇ ਕੰਮ ਲਈ ਕਰਨਾ ਚਾਹੀਦਾ ਹੈ ਜੋ ਉਨ੍ਹਾਂ ਲਈ ਕੀਤਾ ਜਾਂਦਾ ਹੈ ਜਾਂ ਉਨ੍ਹਾਂ ਨੂੰ ਦਿੱਤੀ ਜਾਣ ਵਾਲੀ ਚੀਜ਼ ਲਈ। ਹਰ ਚੀਜ਼ ਲਈ ਧੰਨਵਾਦ ਕਰਨ ਦਾ ਗੁਣ ਵਿਕਸਿਤ ਕਰੋ।

1 ਕੁਰਿੰਥੀਆਂ 4:7 *ਕਿਉਂ ਜੋ ਤੈਨੂੰ ਦੂਏ ਤੋਂ ਭਿੰਨ ਕੌਣ ਕਰਦਾ ਹੈ ਅਤੇ ਤੇਰੇ ਕੋਲ ਕੀ ਹੈ ਜੋ ਤੈਂ ਦੂਏ ਤੋਂ ਨਹੀਂ ਲਿਆ? ਪਰ ਜੇ ਤੈਂ ਲਿਆ ਵੀ ਦੂਏ ਤੋਂ ਤਾਂ ਅਭਮਾਨ ਕਾਹਨੂੰ ਕਰਦਾ ਹੈਂ ਭਈ ਜਾਣੀਦਾ ਲਿਆ ਹੀ ਨਹੀਂ?*

ਜਦੋਂ ਅਸੀਂ ਉੱਪਰ ਦਿੱਤੇ ਪ੍ਰਸ਼ਨ ਦਾ ਉੱਤਰ ਦੇਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਅਸੀਂ ਇਹ ਮਹਿਸੂਸ ਕਰਨਾ ਸ਼ੁਰੂ ਕਰਦੇ ਹਾਂ ਕਿ **ਸਾਨੂੰ** ਪਰਮੇਸ਼ੁਰ ਦੁਆਰਾ ਕਿੰਨਾ **ਦਿੱਤਾ ਗਿਆ ਹੈ** ਅਤੇ ਦੂਸਰਿਆਂ ਦੁਆਰਾ ਕਿੰਨਾ ਦਿੱਤਾ ਗਿਆ ਹੈ।

- ਆਪਣੇ ਬੱਚਿਆਂ ਦੀ ਇਸ ਨੂੰ ਦੇਖਣ ਅਤੇ ਸਮਝਣ ਵਿੱਚ ਸਹਾਇਤਾ ਕਰੋ ਅਤੇ **ਸ਼ੁਕਰਗੁਜ਼ਾਰੀ ਵਾਲੇ ਰਵੱਈਏ** ਦਾ ਵਿਕਾਸ ਕਰੋ।
    - ਉਨ੍ਹਾਂ ਨੂੰ ਦਿੱਤੀ ਗਈ ਜਾਂ ਉਨ੍ਹਾਂ ਲਈ ਕੀਤੀ ਗਈ ਹਰੇਕ ਚੀਜ਼ ਲਈ "**ਧੰਨਵਾਦ**" ਕਹਿਣਾ।
    - "ਤੁਹਾਡਾ ਧੰਨਵਾਦ" ਵਾਲੀਆਂ ਟਿੱਪਣੀਆਂ ਲਿਖਣਾ

- ਉਨ੍ਹਾਂ ਦੀ ਸਹਾਇਤਾ ਕਰੋ ਕਿ ਉਹ ਧੰਨਵਾਦ ਕਰਨ ਭਾਵੇਂ ਉਹ ਲੜਕੀ ਜਾਂ ਲੜਕਾ ਹਨ। ਕਦੇ ਵੀ ਇਹ ਨਾ ਆਖੋ "ਕਾਸ਼ ਤੂੰ ਲੜਕਾ ਹੁੰਦਾ . . ." ਜਾਂ "ਕਾਸ਼ ਤੂੰ ਲੜਕੀ ਹੁੰਦਾ . . ."

- ਉਨ੍ਹਾਂ ਦੀ ਸਹਾਇਤਾ ਕਰੋ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਜਿਸ ਤਰ੍ਹਾਂ ਦਾ ਬਣਾਇਆ ਹੈ ਉਸ ਲਈ ਧੰਨਵਾਦ ਕਰਨ, ਉਨ੍ਹਾਂ ਦੀਆਂ ਅੱਖਾਂ, ਨੱਕ, ਵਾਲਾਂ, ਉਚਾਈ, ਰੰਗ ਅਤੇ ਉਨ੍ਹਾਂ ਦੀ ਚਮੜੀ ਲਈ।

- ਉਨ੍ਹਾਂ ਨੂੰ ਭੋਜਨ ਲਈ ਧੰਨਵਾਦ ਕਰਨ ਦੁਆਰਾ ਸਿੱਖਣ ਦਿਓ

ਪੰਜ ਹਜ਼ਾਰ ਨੂੰ ਰਜਾਉਣਾ: *ਤਦ ਯਿਸੂ ਨੇ ਰੋਟੀਆਂ ਲੈ ਲਈਆਂ ਅਤੇ* ***ਸ਼ੁਕਰ ਕਰ ਕੇ*** *ਉਨ੍ਹਾਂ ਬੈਠਿਆਂ ਹੋਇਆਂ ਨੂੰ ਵੰਡ ਦਿੱਤੀਆਂ ਅਰ ਓਸੇ ਤਰਾਂ ਮੱਛੀਆਂ ਵਿੱਚੋਂ ਵੀ ਜਿੰਨੀਆਂ ਓਹ ਚਾਹੁੰਦੇ ਸਨ।*

- ਆਪਣੇ ਬੱਚਿਆਂ ਨੂੰ ਸਿਖਾਓ ਕਿ **ਸਾਰੀਆਂ ਪ੍ਰਾਰਥਨਾਵਾਂ** ਵਿੱਚ ਪਰਮੇਸ਼ੁਰ ਦਾ **ਧੰਨਵਾਦ ਕਰਨਾ** ਸ਼ਾਮਲ ਹੋਣਾ ਚਾਹੀਦਾ ਹੈ। ਜ਼ਬੂਰ 30:12; 44:8; 79:13

ਫਿਲਿੱਪੀਆਂ 4:6 *ਕਿਸੇ ਗੱਲ ਦੀ ਚਿੰਤਾ ਨਾ ਕਰੋ ਸਗੋਂ* ***ਹਰ ਗੱਲ*** *ਵਿੱਚ ਤੁਹਾਡੀਆਂ* ***ਅਰਦਾਸਾਂ ਪ੍ਰਾਰਥਨਾ*** *ਅਤੇ ਬੇਨਤੀ ਨਾਲ* ***ਧੰਨਵਾਦ*** *ਸਣੇ ਪਰਮੇਸ਼ੁਰ ਦੇ ਅੱਗੇ ਕੀਤੀਆਂ ਜਾਣ*

ਧੰਨਵਾਦ ਦੇਣ ਵਾਲੇ ਰਵੱਈਏ ਦਾ ਵਿਕਾਸ ਕਰਨਾ ਪਰਮੇਸ਼ੁਰ ਦੇ ਪ੍ਰਤੀ ਸੰਵੇਦਨਸ਼ੀਲ ਦਿਲ ਦਾ ਵਿਕਾਸ ਕਰਨ ਲਈ ਬਹੁਤ ਹੀ ਮਹੱਤਵਪੂਰਣ ਹੈ।

ਰੋਮੀਆਂ 1:21-24 *ਭਾਵੇਂ ਉਨ੍ਹਾਂ ਨੇ ਪਰਮੇਸ਼ੁਰ ਨੂੰ ਜਾਣ ਲਿਆ ਪਰ ਤਾਂ ਵੀ* ***ਪਰਮੇਸ਼ੁਰ*** *ਦੇ ਜੋਗ* ***ਵਡਿਆਈ ਨਾ ਕੀਤੀ****, ਨਾ ਉਹ ਦਾ* ***ਧੰਨਵਾਦ ਕੀਤਾ*** *ਸਗੋਂ ਆਪਣੀਆਂ* ***ਸੋਚਾਂ ਵਿੱਚ ਨਿਕੰਮੇ ਬਣ ਗਏ*** *ਅਤੇ (22) ਓਹਨਾਂ ਦੇ ਬੁੱਧਹੀਣ ਮਨ ਅਨ੍ਹੇਰੇ ਹੋ ਗਏ। (23) ਓਹ ਆਪ ਨੂੰ ਬੁੱਧੀਵਾਨ ਮੰਨ ਕੇ ਮੂਰਖ ਬਣ ਗਏ ਅਤੇ ਅਬਨਾਸ਼ੀ ਪਰਮੇਸ਼ੁਰ ਦੇ ਪਰਤਾਪ ਨੂੰ ਨਾਸਵਾਨ ਮਨੁੱਖ ਅਤੇ ਪੰਛੀਆਂ ਅਤੇ ਚੌਪਾਇਆਂ ਅਤੇ ਘਿੱਸਰਨ ਵਾਲੇ ਜੀਉ ਜੰਤ ਦੇ ਰੂਪ ਦੀ ਮੂਰਤ ਨਾਲ ਵਟਾ ਦਿੱਤਾ। (24) ਇਸ ਕਾਰਨ ਪਰਮੇਸ਼ੁਰ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਮਨਾਂ ਦੇ ਬੁਰੇ ਵਿਸ਼ਿਆਂ ਵਿੱਚ ਗੰਦ ਮੰਦ ਦੇ ਵੱਸ ਕਰ ਦਿੱਤਾ ਭਈ ਉਨ੍ਹਾਂ ਦੇ ਸਰੀਰ ਆਪੋ ਵਿੱਚੀ ਬੇਪਤ ਹੋ ਜਾਣ।*

*ਬਾਲਕ ਨੂੰ ਉਹ ਦਾ* ***ਠੀਕ ਰਾਹ ਸਿਖਲਾ****, ਤਾਂ ਉਹ ਵੱਡਾ ਹੋ ਕੇ ਵੀ ਉਸ ਤੋਂ ਕਦੀ ਨਾ ਹਟੇਗਾ।* **ਤੁਹਾਡੇ ਸਾਰੇ ਕੰਮ ਪ੍ਰੇਮ ਨਾਲ ਹੋਣ।**

## ਸੱਚਾਈ / ਈਮਾਨਦਾਰੀ

ਸੱਚਾਈ ਉਹ ਢੰਗ ਹੈ ਜਿਸ ਦੇ ਦੁਆਰਾ ਅਸੀਂ ਦੂਸਰਿਆਂ ਦਾ ਭਰੋਸਾ ਤੱਥਾਂ ਦੀ ਸਹੀ ਜਾਣਕਾਰੀ ਦੇਣ ਦੁਆਰਾ ਜਿੱਤਦੇ ਹਾਂ, ਬਿਨ੍ਹਾਂ ਕੋਈ ਬਹਾਨਾ ਬਣਾਏ, ਬਿਨ੍ਹਾਂ ਕਿਸੇ ਗੱਲ ਨੂੰ ਲੁਕਾਏ ਜਾਂ ਬਿਨ੍ਹਾਂ ਵਧਾ ਚੜਾ ਕੇ ਦੱਸੇ।

ਅਫਸੀਆਂ 4:25 *ਇਸ ਲਈ ਤੁਸੀਂ ਝੂਠ ਨੂੰ **ਤਿਆਗ ਕੇ** ਹਰੇਕ ਆਪਣੇ ਗੁਆਂਢੀ ਨਾਲ **ਸੱਚ ਬੋਲੋ** ਕਿਉਂ ਜੋ ਅਸੀਂ ਇੱਕ ਦੂਏ ਦੇ ਅੰਗ ਹਾਂ।*

ਅਫਸੀਆਂ 4:15 *ਸਗੋਂ ਅਸੀਂ **ਪ੍ਰੇਮ ਨਾਲ ਸੱਚ ਕਮਾਉਂਦਿਆਂ ਹੋਇਆਂ** ਉਸ ਵਿੱਚ ਜੋ ਸਿਰ ਹੈ ਅਰਥਾਤ **ਮਸੀਹ ਵਿੱਚ** ਹਰ ਤਰਾਂ **ਵਧਦੇ ਜਾਈਏ**।*

- ਕੇਵਲ ਸੱਚ ਬੋਲਣ ਦੇ ਦੁਆਰਾ ਹੀ ਅਸੀਂ ਮਸੀਹ ਵਿੱਚ ਵਧਦੇ ਹਾਂ।

- ਜਦੋਂ ਅਸੀਂ ਝੂਠ ਬੋਲਦੇ ਹਾਂ, ਤਾਂ ਅਸੀਂ ਸ਼ੈਤਾਨ ਵਾਂਗੂ ਕੰਮ ਕਰਨ ਦਾ ਫੈਸਲਾ ਲੈਂਦੇ ਹਾਂ।
  ਯੂਹੰਨਾ 8:44 ਤੁਸੀਂ ਆਪਣੇ ਪਿਉ ਸ਼ਤਾਨ ਤੋਂ ਹੋ ਅਤੇ ਆਪਣੇ ਪਿਉ ਦੀਆਂ ਕਾਮਨਾਂ ਦੇ ਅਨੁਸਾਰ ਕਰਨਾ ਚਾਹੁੰਦੇ ਹੋ। ਉਹ ਤਾਂ ਮੁੱਢੋਂ ਮਨੁੱਖ ਘਾਤਕ ਸੀ ਅਤੇ ਸਚਿਆਈ ਉੱਤੇ ਟਿਕਿਆ ਨਾ ਰਿਹਾ ਕਿਉਂਕਿ ਉਸ ਵਿੱਚ ਸਚਿਆਈ ਹੈ ਨਹੀਂ। ਜਦ ਉਹ ਝੂਠ ਬੋਲਦਾ ਹੈ ਤਾਂ ਉਹ ਆਪਣੀਆਂ ਹੀ ਹੱਕਦਾ ਹੈ ਕਿਉਂਕਿ **ਉਹ ਝੂਠਾ ਹੈ** ਅਤੇ **ਝੂਠ ਦਾ ਪਤੰਦਰ ਹੈ**।

- ਆਪਣੇ ਬੱਚਿਆਂ ਦੀ ਇਹ ਸਮਝਣ ਵਿੱਚ ਸਹਾਇਤਾ ਕਰੋ ਅਤੇ ਸਾਰਾ ਪਰਿਵਾਰ (ਮਾਪੇ ਵੀ) **ਝੂਠ ਨਾ ਬੋਲਣ ਦਾ ਇੱਕ ਨੇਮ ਬੰਨ੍ਹੋ**। ਇਹ ਕਰਨਾ ਬਹੁਤ ਹੀ ਮੁਸ਼ਕਲ ਹੈ ਪਰ ਇਸ ਉੱਤੇ ਗੰਭੀਰਤਾ ਨਾਲ ਕੰਮ ਕੀਤਾ ਜਾਣਾ ਚਾਹੀਦਾ ਹੈ ਅਤੇ ਹੌਲੀ-ਹੌਲੀ ਸੁਧਾਰ ਆਵੇਗਾ। ਇੱਕ ਦੂਸਰੇ ਦੀ ਸਹਾਇਤਾ ਕਰੋ, ਆਪਣੀਆਂ ਗਲਤੀਆਂ (ਝੂਠਾਂ) ਦਾ ਇੱਕ ਦੂਸਰੇ ਕੋਲ ਅੰਗੀਕਾਰ ਕਰੋ ਅਤੇ ਖੁਦ ਕੀਤੇ ਗਏ ਅੰਗੀਕਾਰ ਤੋਂ ਬਾਅਦ ਜਿੱਥੇ ਜ਼ਰੂਰਤ ਹੈ ਉੱਥੇ ਮਾਫ਼ ਕਰੋ। ਜਦੋਂ ਉਹ ਤੁਹਾਡੇ ਕੋਲੋਂ ਆਪਣੇ ਕਮਰੇ ਵਿੱਚ ਕਹਾਉਂਦੇ ਹਨ, *"ਮੈਂ ਸੱਚ ਬੋਲਣ ਦਾ ਵਾਅਦਾ ਕਰਦਾ ਹਾਂ, ਪੂਰਾ ਸੱਚ ਅਤੇ ਹੋਰ ਕੁਝ ਨਹੀਂ ਕੇਵਲ ਸੱਚ ਹੀ ਬੋਲਾਂਗਾ।"*

- ਮਾਪਿਆਂ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੇ ਬੱਚਿਆਂ ਦੇ **ਚਰਿੱਤਰ ਦੇ ਚੰਗੇ ਗੁਣਾਂ ਬਾਰੇ ਬੋਲਣ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨ**, ਅਜਿਹਾ ਉਹ ਇਹ ਕਹਿਣ ਦੁਆਰਾ ਕਰ ਸਕਦੇ ਹਨ, *"ਮੈਂ ਬਹੁਤ ਖੁਸ਼ ਹਾਂ ਕਿ ਤੂੰ ਲੱਗਭਗ ਹਮੇਸ਼ਾ ਸੱਚ ਹੀ ਬੋਲਦਾ ਹੈਂ" "ਮੈਂ ਖੁਸ਼ ਹਾਂ ਕਿ ਤੂੰ ਜਿਆਦਾ ਤੋਂ ਜਿਆਦਾ ਸੱਚ ਬੋਲਦਾ ਹੈਂ ਅਤੇ ਇਹ ਕਿ ਤੂੰ ਝੂਠਾ ਨਹੀਂ ਹੈਂ।"*

- **ਸਕਾਰਾਤਮਕ ਉਤਸ਼ਾਹ** ਨਾਲ ਬੱਚੇ ਉਸ ਤਰ੍ਹਾਂ ਦੇ ਬਣਨ ਦੀ ਹਰ ਕੋਸ਼ਿਸ਼ ਕਰਨਗੇ ਜਿਸ ਤਰ੍ਹਾਂ ਤੁਸੀਂ ਚਾਹੁੰਦੇ ਹੋ ਕਿ ਉਹ ਬਣਨ। ਇਹ ਗੱਲਾਂ ਨਾ ਆਖੋ, "ਤੂੰ ਝੂਠਾ ਹੈਂ" ਤੁਹਾਡੇ ਬੱਚੇ ਨੂੰ ਇਹ ਸੁਣਨਾ ਜਾਂ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਕਿ "ਮੈਂ ਝੂਠਾ ਹਾਂ" ਸਗੋਂ ਉਸ ਨੂੰ ਇਹ ਵਿਸ਼ਵਾਸ ਕਰਨਾ ਚਾਹੀਦਾ ਹੈ, "ਮੈਂ ਸੱਚਾ ਹਾਂ।"

- ਜਦੋਂ ਤੱਕ ਤੁਹਾਨੂੰ ਪੂਰੀ ਤਰ੍ਹਾਂ ਨਾਲ ਯਕੀਨ ਨਹੀਂ ਹੈ, ਤਦ ਤੱਕ **ਬੱਚੇ 'ਤੇ ਝੂਠੇ ਹੋਣ ਦਾ ਦੋਸ਼ ਕਦੇ ਨਾ ਲਾਓ।** ਜਦੋਂ ਤੁਹਾਨੂੰ ਕਿਸੇ ਝੂਠ ਦੇ ਬਾਰੇ ਪਤਾ ਲੱਗਦਾ ਹੈ ਤਾਂ ਪਰਮੇਸ਼ੁਰ ਅੱਗੇ ਪ੍ਰਾਰਥਨਾ ਕਰੋ ਅਤੇ ਇਹ ਮੰਗੋ ਕਿ ਪਰਮੇਸ਼ੁਰ ਉਸ ਝੂਠ ਨੂੰ ਪਰਗਟ ਕਰੇ।

- ਸਾਡੇ ਬੱਚਿਆਂ ਵਿੱਚ ਸੱਚਾਈ ਦਾ ਵਿਕਾਸ ਕਰਨ ਲਈ ਅਸਲ ਸਹਾਇਤਾ ਹੈ ਉਨ੍ਹਾਂ ਨੂੰ ਸੱਚਾਈ ਤੋਂ ਅਤੇ ਗਿਣਤੀ 32:23 ਦੀ ਅਸਲੀਅਤ ਤੋਂ ਜਾਣੂ ਕਰਾਉਣਾ: ***ਜਾਣੋ ਤੁਹਾਡਾ ਪਾਪ ਤੁਹਾਡੇ ਉੱਤੇ ਆ ਪਵੇਗਾ।***

ਕਹਾਉਤਾਂ 12:22 ਝੂਠੇ ਬੁੱਲ੍ਹ ਯਹੋਵਾਹ ਲਈ ਘਿਣਾਉਣੇ ਹਨ, ਪਰ ਜੋ **ਵਫ਼ਾਦਾਰੀ** ਵਰਤਦੇ ਹਨ ਉਹ ਓਹਨਾਂ ਨੂੰ **ਪਸੰਦ** ਕਰਦਾ ਹੈ।

- ਆਪਣੇ ਬੱਚਿਆਂ ਦੇ ਅੱਗੇ **ਆਪਣੇ ਖੁਦ ਦੇ ਜੀਵਨ** ਨੂੰ **ਸੱਚਾਈ** ਅਤੇ ਗਲਤੀਆਂ ਦਾ **ਅੰਗੀਕਾਰ** ਕਰਨ ਦੀ ਉਦਾਹਰਣ ਬਣਾਓ। ਉਨ੍ਹਾਂ ਨੂੰ ਸੈਂਟਾਕਲਾਜ ਜਾਂ ਕਿਸੇ ਹੋਰ ਝੂਠੀ ਕਹਾਣੀ ਬਾਰੇ ਝੂਠ ਨਾ ਬੋਲੋ। ਇਸ ਦੇ ਕਾਰਨ ਉਹ ਪਰਮੇਸ਼ੁਰ ਦੀ ਹੋਂਦ ਬਾਰੇ ਪ੍ਰਸ਼ਨ ਕਰ ਸਕਦੇ ਹਨ।

- ਇਹ ਨਿਯਮ ਬਣਾਓ ਕਿ ਜੇਕਰ ਬੱਚਾ ਅੰਗੀਕਾਰ ਕਰਦਾ ਹੈ ਅਤੇ ਫਿਰ ਝੂਠ ਨਾ ਬੋਲਣ ਦਾ ਵਾਅਦਾ ਕਰਦਾ ਹੈ, ਤਾਂ ਸਜ਼ਾ ਘਟਾਈ ਜਾਵੇਗੀ। ਇਹ ਬੱਚਿਆਂ ਨੂੰ ਉਤਸ਼ਾਹਿਤ ਕਰੇਗਾ ਕਿ ਉਹ ਝੂਠ ਨਾ ਬੋਲਣ ਅਤੇ ਜੇਕਰ ਉਹ ਬੋਲਦੇ ਹਨ ਤਾਂ ਉਨ੍ਹਾਂ ਨੂੰ ਉਤਸ਼ਾਹਿਤ ਕਰੇਗਾ ਕਿ ਉਹ ਅੰਗੀਕਾਰ ਕਰਨ।

*ਬਾਲਕ ਨੂੰ ਉਹ ਦਾ **ਠੀਕ ਰਾਹ ਸਿਖਲਾ**, ਤਾਂ ਉਹ ਵੱਡਾ ਹੋ ਕੇ ਵੀ ਉਸ ਤੋਂ ਕਦੀ ਨਾ ਹਟੇਗਾ।*

**ਵਫ਼ਾਦਾਰੀ** - ਹਮੇਸ਼ਾ ਜੋ ਸਹੀ ਹੈ ਉਹ ਕਰਨਾ-ਆਰਥਾਤ ਜੋ ਤੁਸੀਂ ਕਰਨ ਲਈ ਆਖਦੇ ਹੋ, ਜੋ ਕਰਨ ਦੀ ਤੁਸੀਂ ਉਮੀਦ ਕਰਦੇ ਹੋ, ਜੋ ਤੁਹਾਡੇ ਕਹਿਣ ਤੋਂ ਬਿਨ੍ਹਾਂ **ਕੀਤਾ ਜਾਣਾ ਚਾਹੀਦਾ ਹੈ।**

- ਜਿਸ ਵਿਅਕਤੀ ਵਿੱਚ ਇਹ ਗੁਣ ਹੁੰਦਾ ਹੈ ਉਹ ਉਨ੍ਹਾਂ ਚੀਜ਼ਾਂ ਨੂੰ ਦੇਖਦਾ ਹੈ ਜਿਨ੍ਹਾਂ ਨੂੰ ਕਰਨ ਦੀ ਲੋੜ ਹੈ ਅਤੇ ਇਸ ਦਾ ਧਿਆਨ ਰੱਖਦਾ ਹੈ।

ਇਹ ਬਹੁਤ ਘੱਟ ਪਾਇਆ ਜਾਂਦਾ ਹੈ ਪਰ ਇਸ ਨੂੰ ਚਰਿੱਤਰ ਦੇ ਗੁਣਾਂ ਵਿੱਚ ਦੇਖਿਆ ਜਾਂਦਾ ਹੈ

ਲੂਕਾ 12:42 *ਪ੍ਰਭੂ ਨੇ ਅੱਗੋਂ ਆਖਿਆ,* ***ਉਹ ਮਾਤਬਰ ਅਤੇ ਬੁੱਧਵਾਨ ਮੁਖ਼ਤਿਆਰ ਕੌਣ ਹੈ*** *ਜਿਹ ਨੂੰ ਮਾਲਕ ਆਪਣੇ ਨੌਕਰਾਂ ਚਾਕਰਾਂ ਉੱਤੇ* ***ਠਹਿਰਾਵੇ*** *ਭਈ ਵੇਲੇ ਸਿਰ ਉਨ੍ਹਾਂ ਨੂੰ ਰਸਤ ਦੇਵੇ?*

ਵਫ਼ਾਦਾਰੀ **ਵੱਡਾ ਫਲ** ਲੈ ਕੇ ਆਉਂਦੀ ਹੈ ਅਤੇ **ਮੌਕਿਆਂ** ਲਈ ਦਰਵਾਜ਼ੇ ਖੋਲ੍ਹਦੀ ਹੈ। ਇੱਕ ਭਰੋਸੇਯੋਗ ਵਿਅਕਤੀ **ਛੋਟੀ ਤੋਂ ਛੋਟੀ** ਚੀਜ਼ ਦਾ ਵੀ ਧਿਆਨ ਰੱਖੇਗਾ ਅਤੇ ਬਿਨ੍ਹਾਂ ਅਣਦੇਖੀ ਕਰੇ ਜਾਂ ਬਿਨ੍ਹਾਂ ਕਾਹਲੀ ਕਰੇ **ਜੋ ਸਹੀ ਹੈ ਉਹ ਕਰੇਗਾ**।

ਲੂਕਾ 16:10-13 ***ਜੋ ਥੋੜੇ ਤੋਂ ਥੋੜੇ*** *ਵਿੱਚ* ***ਦਿਆਨਤਦਾਰ ਹੈ*** *ਸੋ ਬਹੁਤ ਵਿੱਚ ਵੀ* ***ਦਿਆਨਤਦਾਰ ਹੈ****, ਅਤੇ ਜੋ ਥੋੜੇ ਤੋਂ ਥੋੜੇ ਵਿੱਚ ਬੇਈਮਾਨ ਹੈ ਸੋ ਬਹੁਤ ਵਿੱਚ ਵੀ ਬੇਈਮਾਨ ਹੈ। (11) ਸੋ* ***ਜੇ ਤੁਸੀਂ*** *ਕੁਧਰਮ ਦੀ ਮਾਯਾ ਵਿੱਚ* ***ਦਿਆਨਤਦਾਰ ਨਾ ਹੋਏ*** *ਤਾਂ* ***ਸੱਚਾ ਧਨ ਕੌਣ ਤੁਹਾਨੂੰ ਸੌਂਪੇਗਾ?*** *(12) ਅਰ* ***ਜੇ ਤੁਸੀਂ*** *ਪਰਾਏ ਮਾਲ ਵਿੱਚ* ***ਦਿਆਨਤਦਾਰ ਨਾ ਹੋਏ*** *ਤਾਂ ਤੁਹਾਡਾ ਆਪਣਾ ਹੀ ਕੌਣ ਤੁਹਾਨੂੰ ਦੇਵੇਗਾ? (13) ਕੋਈ ਟਹਿਲੂਆ ਦੋ ਮਾਲਕਾਂ ਦੀ ਟਹਿਲ ਨਹੀਂ ਕਰ ਸੱਕਦਾ ਕਿਉਂ ਜੋ ਉਹ ਇੱਕ ਨਾਲ ਵੈਰ ਅਤੇ ਦੂਏ ਨਾਲ ਪ੍ਰੀਤ ਰੱਖੇਗਾ, ਯਾ ਇੱਕ ਨਾਲ ਮਿਲਿਆ ਰਹੇਗਾ ਅਤੇ ਦੂਏ ਨੂੰ ਤੁੱਛ ਜਾਣੇਗਾ। ਤੁਸੀਂ ਪਰਮੇਸ਼ੁਰ ਅਤੇ ਮਾਯਾ ਦੋਹਾਂ ਦੀ ਸੇਵਾ ਨਹੀਂ ਕਰ ਸੱਕਦੇ ਹੋ।*

ਇਹ ਗੁਣ **ਤਰੱਕੀ, ਸਫ਼ਲਤਾ ਅਤੇ ਖੁਸ਼ਹਾਲੀ** ਲੈ ਕੇ ਆਵੇਗਾ।

ਮੱਤੀ 25:23 *ਉਹ ਦੇ ਮਾਲਕ ਨੇ ਉਸ ਨੂੰ ਕਿਹਾ, ਹੇ ਚੰਗੇ ਅਤੇ* ***ਮਾਤਬਰ ਚਾਕਰ ਸ਼ਾਬਾਸ਼!*** *ਤੂੰ* ***ਥੋੜੇ ਜਿਹੇ ਵਿੱਚ ਮਾਤਬਰ ਨਿੱਕਲਿਆ, ਮੈਂ ਤੈਨੂੰ ਬਹੁਤ ਸਾਰੇ ਉੱਤੇ ਇਖ਼ਤਿਆਰ ਦਿਆਂਗਾ****। ਤੂੰ ਆਪਣੇ ਮਾਲਕ ਦੀ* ***ਖ਼ੁਸ਼ੀ*** *ਵਿੱਚ ਦਾਖਿਲ ਹੋ।*

ਵਫ਼ਾਦਾਰੀ ਤੁਹਾਨੂੰ ਵੱਡੇ ਅਹੁਦੇ ਦੇ ਯੋਗ ਬਣਾਉਂਦੀ ਹੈ ਅਤੇ ਤੁਹਾਨੂੰ **ਤਰੱਕੀ** ਦਿੰਦੀ ਹੈ।

1 ਕੁਰਿੰਥੀਆਂ 4:17 *ਇਸ ਕਰਕੇ ਮੈਂ* ***ਤਿਮੋਥਿਉਸ*** *ਨੂੰ ਤੁਹਾਡੇ ਕੋਲ ਘੱਲਿਆ ਜਿਹੜਾ ਪ੍ਰਭੂ ਵਿੱਚ ਮੇਰਾ ਪਿਆਰਾ ਅਤੇ* ***ਨਿਹਚੇ ਜੋਗ*** *ਪੁੱਤਰ ਹੈ। ਉਹ ਮੇਰੇ ਵਰਤਾਵੇ ਜੋ ਮਸੀਹ ਵਿੱਚ ਹਨ ਤੁਹਾਨੂੰ ਚੇਤੇ ਕਰਾਵੇਗਾ ਜਿਸ ਤਰਾਂ ਮੈਂ ਸਭਨੀਂ ਥਾਈਂ ਹਰੇਕ ਕਲੀਸਿਯਾ ਵਿੱਚ ਉਪਦੇਸ਼ ਕਰਦਾ ਹਾਂ।*

ਰਸੂਲ ਪੌਲੁਸ ਨੇ ਉਨ੍ਹਾਂ ਨੂੰ ਇਸਤੇਮਾਲ ਕੀਤਾ ਅਤੇ **ਮੌਕਾ ਦਿੱਤਾ** ਜਿਨ੍ਹਾਂ ਉੱਤੇ ਉਹ **ਭਰੋਸਾ** ਕਰਦਾ ਸੀ।

ਅਫਸੀਆਂ 6:21 ਪਰ ਇਸ ਲਈ ਜੋ ਤੁਸੀਂ ਵੀ ਮੇਰੀ ਬੀਤੀ ਨੂੰ ਜਾਣੋ ਭਈ ਮੇਰਾ ਕੀ ਹਾਲ ਚਾਲ ਹੈ **ਤੁਖਿਕੁਸ** ਜਿਹੜਾ ਪਿਆਰਾ ਭਰਾ ਅਤੇ ਪ੍ਰਭੂ ਵਿੱਚ ਹੋ ਕੇ **ਮਾਤਬਰ ਸੇਵਕ** ਹੈ ਤੁਹਾਨੂੰ ਸੱਭੇ ਗੱਲਾਂ ਦੱਸੇਗਾ।

ਕੁਲੁੱਸੀਆਂ 1:7 *ਜਿਵੇਂ ਤੁਸਾਂ ਸਾਡੇ ਪਿਆਰੇ ਨਾਲ ਦੇ ਕੰਮ ਕਰਨ ਵਾਲੇ* ***ਇਪਫ੍ਰਾਸ*** *ਤੋਂ ਸਿੱਖਿਆ ਜਿਹੜਾ ਸਾਡੇ ਲਈ ਮਸੀਹ ਦਾ* ***ਮਾਤਬਰ*** *ਸੇਵਕ ਹੈ।*

ਕੁਲੁੱਸੀਆਂ 4:9 *ਮੈਂ ਉਹ ਦੇ ਨਾਲ* ***ਉਨੇਸਿਮੁਸ*** *ਨੂੰ ਘੱਲਿਆ ਜਿਹੜਾ* ***ਮਾਤਬਰ*** *ਅਤੇ ਪਿਆਰਾ ਭਾਈ ਅਰ ਤੁਹਾਡੇ ਹੀ ਵਿੱਚੋਂ ਹੈ। ਓਹ ਐਥੋਂ ਦੀਆਂ ਸਾਰੀਆਂ ਗੱਲਾਂ ਤੁਹਾਨੂੰ ਦੱਸਣਗੇ।*

1 ਤਿਮੋਥਿਉਸ 3:11 ਇਸੇ ਤਰਾਂ ਇਸਤਰੀਆਂ ਨੂੰ ਚਾਹੀਦਾ ਹੈ ਜੋ ਗੰਭੀਰ ਹੋਣ, ਨਾ ਉੰਗਲ ਕਰਨ ਵਾਲੀਆਂ, ਸਗੋਂ ਪਰਹੇਜ਼ਗਾਰ ਅਤੇ **ਸਾਰੀਆਂ ਗੱਲਾਂ ਵਿੱਚ ਮਾਤਬਰ ਹੋਣ।**

2 ਤਿਮੋਥਿਉਸ 2:2 ਅਤੇ ਜਿਹੜੀਆਂ ਗੱਲਾਂ ਤੈਂ ਬਹੁਤਿਆਂ ਗਵਾਹਾਂ ਦੇ ਸਾਹਮਣੇ ਮੈਥੋਂ ਸੁਣੀਆਂ ਅਜੇਹਿਆਂ **ਮਾਤਬਰ ਮਨੁੱਖਾਂ ਨੂੰ ਸੌਂਪ** ਜਿਹੜੇ ਹੋਰਨਾਂ ਨੂੰ ਵੀ ਸਿੱਖਿਆ ਦੇਣ ਜੋਗ ਹੋਣ।

ਇਬਰਾਨੀਆਂ 3:5 *ਅਤੇ **ਮੂਸਾ** ਤਾਂ ਉਹ ਦੇ ਸਾਰੇ ਘਰ ਵਿੱਚ **ਨੌਕਰ ਦੀ ਨਿਆਈਂ ਮਾਤਬਰ** ਸੀ ਭਈ ਹੋਣ ਵਾਲੀਆਂ ਗੱਲਾਂ ਦੀ ਸਾਖੀ ਦੇਵੇ।*

1 ਪਤਰਸ 5:12 ਮੈਂ ਤੁਹਾਨੂੰ **ਸਿਲਵਾਨੁਸ** ਦੇ ਹੱਥੀਂ ਜੋ ਮੇਰੀ ਸਮਝ ਵਿੱਚ ਸਾਡਾ **ਮਾਤਬਰ ਭਾਈ** ਹੈ ਥੋੜੇ ਵਿੱਚ ਲਿਖ ਕੇ ਉਪਦੇਸ਼ ਅਤੇ ਸਾਖੀ ਦਿੱਤੀ ਭਈ ਪਰਮੇਸ਼ੁਰ ਦੀ ਸੱਚੀ ਕਿਰਪਾ ਇਹੋ ਹੈ। ਉਹ ਦੇ ਉੱਤੇ ਤੁਸੀਂ ਖਲੋਤੇ ਰਹੋ।

ਪਰਕਾਸ਼ ਦੀ ਪੋਥੀ 2:13 ਮੈਂ ਜਾਣਦਾ ਹਾਂ ਤੂੰ ਉੱਥੇ ਵੱਸਦਾ ਹੈਂ ਜਿੱਥੇ ਸ਼ਤਾਨ ਦੀ ਗੱਦੀ ਹੈ, ਅਤੇ ਤੂੰ ਤਕੜਾਈ ਨਾਲ ਮੇਰਾ ਨਾਮ ਫੜੀ ਰੱਖਦਾ ਹੈਂ ਅਤੇ **ਅੰਤਿਪਾਸ** ਜੋ ਮੇਰਾ ਗਵਾਹ ਅਤੇ ਮੇਰਾ **ਮਾਤਬਰ** ਜਨ ਸੀ ਜਿਹੜਾ ਤੁਹਾਡੇ ਵਿੱਚ ਉੱਥੇ ਮਾਰਿਆ ਗਿਆ ਜਿੱਥੇ ਸ਼ਤਾਨ ਵੱਸਦਾ ਹੈ ਉਹ ਦੇ ਦਿਨੀਂ ਵੀ ਤੈਂ ਮੇਰੀ ਨਿਹਚਾ ਤੋਂ ਇਨਕਾਰ ਨਹੀਂ ਕੀਤਾ।

ਚਰਿੱਤਰ ਦੇ ਸੱਚੇ ਗੁਣ ਜੀਵਨ ਦਾ ਢੰਗ ਹਨ ਭਾਵੇਂ ਜਦੋਂ ਇਹ ਅਸਾਨ ਨਾ ਵੀ ਹੋਵੇ।

ਪਰਕਾਸ਼ ਦੀ ਪੋਥੀ 2:10 ਜਿਹੜੇ ਦੁੱਖ ਤੈਂ ਭੋਗਣੇ ਹਨ ਤੂੰ ਓਹਨਾਂ ਤੋਂ ਨਾ ਡਰੀਂ। ਵੇਖੋ, ਸ਼ਤਾਨ ਤੁਹਾਡੇ ਵਿੱਚੋਂ ਕਈਆਂ ਨੂੰ ਕੈਦ ਵਿੱਚ ਪਾ ਸੁੱਟੇਗਾ ਭਈ ਤੁਸੀਂ ਪਰਤਾਏ ਜਾਓ ਅਤੇ ਤੁਹਾਨੂੰ ਦਸਾਂ ਦਿਨਾਂ ਤੀਕ ਬਿਪਤਾ ਹੋਵੇਗੀ। ਤੂੰ ਮਰਨ ਤੋੜੀ **ਵਫ਼ਾਦਾਰ ਰਹੁ** ਤਾਂ ਮੈਂ ਤੈਨੂੰ ਜੀਵਨ ਦਾ ਮੁਕਟ ਦਿਆਂਗਾ।

## ਵਿਸ਼ਵਾਸਯੋਗ / ਭਰੋਸੇਯੋਗ

ਜੋ ਮੈਨੂੰ ਆਖਿਆ ਗਿਆ ਉਸ ਨੂੰ ਪੂਰਾ ਕਰਨਾ, ਭਾਵੇਂ ਇਸ ਲਈ ਮੈਨੂੰ ਮੇਰੀ ਉਮੀਦ ਤੋਂ ਵਧ ਕੇ ਬਲੀਦਾਨ ਦੇਣਾ ਪਵੇ।

ਜ਼ਬੂਰ 15:4 ਜਿਹੜਾ ਸੌਂਹ ਖਾ ਕੇ ਮੁੱਕਰਦਾ ਨਹੀਂ, ਭਾਵੇਂ ਉਹ ਨੂੰ ਘਾਟਾ ਵੀ ਪਵੇ,

## ਵਫ਼ਾਦਾਰੀ

ਆਪਣੇ ਸਮਰਪਣ ਨੂੰ ਦ੍ਰਿੜ ਕਰਨ ਲਈ ਵਿਰੋਧੀ ਹਲਾਤਾਂ ਦਾ ਇਸਤੇਮਾਲ ਕਰਨਾ, ਉਨ੍ਹਾਂ ਲਈ ਜਿਨ੍ਹਾਂ ਦੀ ਸੇਵਾ ਕਰਨ ਲਈ ਪਰਮੇਸ਼ੁਰ ਨੇ ਮੈਨੂੰ ਬੁਲਾਇਆ ਹੈ।

ਯੂਹੰਨਾ 15:13 ਏਦੋਂ ਵੱਧ ਪਿਆਰ ਕਿਸੇ ਦਾ ਨਹੀਂ ਹੁੰਦਾ ਜੋ ਆਪਣੀ ਜਾਨ ਆਪਣੇ ਮਿੱਤਰਾਂ ਦੇ ਬਦਲੇ ਦੇ ਦੇਵੇ।

## ਸੇਵਾ ਕਰਨਾ ਜਾਂ ਇੱਕ ਸੇਵਕ ਬਣਨਾ

ਯੂਹੰਨਾ 13:14-15 *ਸੋ ਜੇ **ਮੈਂ ਗੁਰੂ** ਅਤੇ **ਪ੍ਰਭੂ** ਹੋ ਕੇ ਤੁਹਾਡੇ ਪੈਰ ਧੋਤੇ ਤਾਂ ਚਾਹੀਦਾ ਹੈ ਜੋ **ਤੁਸੀਂ ਭੀ ਇੱਕ ਦੂਏ ਦੇ ਪੈਰ ਧੋਵੋ।** ਇਸ ਲਈ ਜੋ **ਮੈਂ ਤੁਹਾਨੂੰ ਇੱਕ ਨਮੂਨਾ ਦੇ ਛੱਡਿਆ ਹੈ ਤਾਂ ਜੋ ਜਿਵੇਂ ਮੈਂ ਤੁਹਾਡੇ ਨਾਲ ਕੀਤਾ ਤੁਸੀਂ ਭੀ ਤਿਵੇਂ ਹੀ ਕਰੋ।***

- ਯਿਸੂ ਮਸੀਹ, ਪ੍ਰਭੂ ਪਰਮੇਸ਼ੁਰ ਸਰਬ ਸ਼ਕਤੀਮਾਨ, ਸਾਡਾ ਮੁਕਤੀਦਾਤਾ, **ਇੱਕ ਸੇਵਕ ਸੀ।**

  ਸੋ ਤੁਸੀਂ ਪਿਆਰਿਆਂ ਪੁੱਤਰਾਂ ਵਾਂਙੁ **ਪਰਮੇਸ਼ੁਰ ਦੀ ਰੀਸ ਕਰੋ** (2) ਅਤੇ **ਪ੍ਰੇਮ ਨਾਲ ਚੱਲੋ** ਜਿਵੇਂ ਮਸੀਹ ਨੇ ਵੀ ਤੁਹਾਡੇ ਨਾਲ ਪ੍ਰੇਮ ਕੀਤਾ ਅਤੇ ਸਾਡੇ ਲਈ ਆਪਣੇ ਆਪ ਨੂੰ ਪਰਮੇਸ਼ੁਰ ਦੇ ਅੱਗੇ ਭੇਟ ਅਤੇ ਬਲੀਦਾਨ ਕਰ ਕੇ ਧੂਪ ਦੀ ਸੁਗੰਧ ਲਈ ਦੇ ਦਿੱਤਾ। ਅਫਸੀਆਂ 5:1-2

- **ਸੇਵਕ** ਕਿਸੇ ਵੀ ਕੰਮ ਜਾਂ ਪਦਵੀ ਨੂੰ ਨੀਵਾਂ ਨਹੀਂ ਸਮਝਦਾ। ਉਹ **ਉਨ੍ਹਾਂ ਚੀਜ਼ਾਂ ਨੂੰ ਦੇਖਦਾ ਅਤੇ ਭਾਲਦਾ ਹੈ ਜਿਨ੍ਹਾਂ ਨੂੰ ਕਰਨ ਦੀ ਲੋੜ ਹੈ ਅਤੇ ਉਹ ਉਨ੍ਹਾਂ ਨੂੰ ਕਰਦਾ ਹੈ।** ਉਹ 'ਪੈਰ ਧੋਵੇਗਾ,' ਕੂੜਾ ਚੁੱਕੇਗਾ, ਭਾਂਡੇ ਧੋਵੇਗਾ ਜਾਂ ਜੋ ਕੁਝ ਵੀ ਕਰਨ ਦੀ ਲੋੜ ਹੈ, ਜਿਵੇਂ ਹੀ ਉਹ ਉਸ ਨੂੰ ਦੇਖਦਾ ਹੈ ਅਤੇ ਬਿਨ੍ਹਾਂ ਆਖੇ ਕਰਦਾ ਹੈ।

ਮੱਤੀ 20:25-28 *ਤਦ ਯਿਸੂ ਨੇ ਉਨ੍ਹਾਂ ਨੂੰ ਕੋਲ ਸੱਦ ਕੇ ਆਖਿਆ, ਤੁਸੀਂ ਜਾਣਦੇ ਹੋ ਜੋ ਪਰਾਈਆਂ ਕੌਮਾਂ ਦੇ ਸਰਦਾਰ ਉਨ੍ਹਾਂ ਉੱਤੇ ਹੁਕਮ ਚਲਾਉਂਦੇ ਹਨ ਅਤੇ ਓਹ ਜਿਹੜੇ ਵੱਡੇ ਹਨ ਉਨ੍ਹਾਂ ਉੱਤੇ ਧੌਂਸ ਜਮਾਉਂਦੇ ਹਨ। (26) ਤੁਹਾਡੇ ਵਿੱਚ ਅਜਿਹਾ ਨਾ ਹੋਵੇ ਪਰ **ਜੋ ਕੋਈ** ਤੁਹਾਡੇ ਵਿੱਚੋਂ **ਵੱਡਾ ਹੋਣਾ ਚਾਹੇ** ਸੋ **ਤੁਹਾਡਾ ਟਹਿਲੂਆ ਹੋਵੇ।** (27) ਅਤੇ ਜੋ ਕੋਈ ਤੁਹਾਡੇ ਵਿੱਚੋਂ ਸਰਦਾਰ ਬਣਿਆ ਚਾਹੇ ਸੋ ਤੁਹਾਡਾ ਕਾਮਾ ਹੋਵੇ। (28) ਜਿਵੇਂ ਮਨੁੱਖ ਦਾ ਪੁੱਤਰ **ਆਪਣੀ ਟਹਿਲ ਕਰਾਉਣ ਨਹੀਂ ਸਗੋਂ ਟਹਿਲ ਕਰਨ** ਅਤੇ ਬਹੁਤਿਆਂ ਦੇ ਥਾਂ ਨਿਸਤਾਰੇ ਦਾ ਮੁੱਲ ਭਰਨ ਨੂੰ ਆਪਣੀ ਜਾਨ ਦੇਣ **ਆਇਆ।***

ਦੂਸਰਿਆਂ ਦੇ ਅਪਰਾਧ ਉਨ੍ਹਾਂ ਨੂੰ **ਮਾਫ਼ ਕਰਨਾ** ਉਨ੍ਹਾਂ ਨੂੰ ਮਸੀਹ ਦਾ ਪਿਆਰ ਦਿਖਾਉਣ ਦਾ ਇੱਕ ਢੰਗ ਹੈ। ਆਪਣੇ ਬੱਚਿਆਂ ਨੂੰ ਮਾਫ਼ ਕਰਨਾ ਸਿਖਾਉਣਾ, ਖੁਸ਼ੀ ਅਤੇ ਸ਼ਾਂਤੀ ਭਰਪੂਰ ਜੀਵਨ ਲਈ ਜ਼ਰੂਰੀ ਹੈ।

> ਮੱਤੀ 6:12 ਅਤੇ ਸਾਡੇ ਕਰਜ਼ ਸਾਨੂੰ **ਮਾਫ਼ ਕਰ**, ਜਿਵੇਂ ਅਸਾਂ ਵੀ ਆਪਣੇ ਕਰਜਾਈਆਂ ਨੂੰ **ਮਾਫ਼ ਕੀਤਾ ਹੈ।** (14) ਕਿਉਂਕਿ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਅਪਰਾਧ **ਮਾਫ਼ ਕਰ ਦਿਓ** ਤਾਂ ਤੁਹਾਡਾ ਸੁਰਗੀ ਪਿਤਾ ਤੁਹਾਨੂੰ ਵੀ **ਮਾਫ਼** ਕਰ ਦੇਵੇਗਾ।

ਲੂਕਾ 23:34 (ਜਦੋਂ ਉਹ ਯਿਸੂ ਦੇ ਹੱਥਾਂ ਵਿੱਚ ਕਿੱਲ ਠੋਕ ਰਹੇ ਸਨ) ਤਦ ਯਿਸੂ ਨੇ ਆਖਿਆ, ਹੇ ਪਿਤਾ, **ਉਨ੍ਹਾਂ ਨੂੰ ਮਾਫ਼ ਕਰ** ਕਿਉਂ ਜੋ ਓਹ ਨਹੀਂ ਜਾਣਦੇ ਭਈ ਕੀ ਕਰਦੇ ਹਨ, ਅਤੇ ਉਨ੍ਹਾਂ ਉਸ ਦੇ ਕੱਪੜੇ ਵੰਡ ਕੇ ਗੁਣੇ ਪਾਏ।

ਅਫਸੀਆਂ 4:32 ਅਤੇ ਤੁਸੀਂ ਇੱਕ ਦੂਏ ਉੱਤੇ **ਕਿਰਪਾਵਾਨ** ਅਤੇ **ਤਰਸਵਾਨ** ਹੋਵੋ ਅਤੇ ਇੱਕ ਦੂਏ ਨੂੰ **ਮਾਫ਼ ਕਰੋ** ਜਿਵੇਂ ਪਰਮੇਸ਼ੁਰ ਨੇ ਵੀ ਮਸੀਹ ਵਿੱਚ ਤੁਹਾਨੂੰ ਮਾਫ਼ ਕੀਤਾ।

**ਸ਼ਹਿਣਸ਼ੀਲਤਾ** ਦੂਸਰਿਆਂ ਲਈ ਅਤੇ ਪਰਮੇਸ਼ੁਰ ਲਈ ਉੱਤਮ ਕਰਨ ਦੇ ਦਬਾਓ ਵਿੱਚ ਵੀ ਦ੍ਰਿੜ ਰਹਿਣ ਦੀ ਅੰਦਰੂਨੀ ਤਾਕਤ ਹੈ। ਆਪਣੇ ਬੱਚਿਆਂ ਨੂੰ **ਹੌਂਸਲਾ ਨਾ ਹਾਰਨਾ** ਸਿਖਾਓ ਅਤੇ ਉਤਸ਼ਾਹਿਤ ਕਰੋ ਅਤੇ ਜਦੋਂ ਤੱਕ ਕੰਮ ਪੂਰਾ ਨਾ ਹੋਵੇ **ਨਾ ਰੁੱਕਣ** ਬਾਰੇ ਸਿਖਾਓ। ਉਨ੍ਹਾਂ ਨੂੰ ਲਗਾਤਾਰ ਉਤਸ਼ਾਹਿਤ ਕਰਦੇ ਰਹੋ। ਉਨ੍ਹਾਂ ਦਾ ਹੌਂਸਲਾ ਵਧਾਉਣ ਵਾਲੇ ਬਣੋ।

ਗਲਾਤੀਆਂ 6:9 ਅਤੇ ਭਲਿਆਈ ਕਰਦਿਆਂ ਅਸੀਂ ਅੱਕ ਨਾ ਜਾਈਏ ਕਿਉਂਕਿ ਜੇ ਹੌਸਲਾ ਨਾ ਹਾਰੀਏ ਤਾਂ ਵੇਲੇ ਸਿਰ ਵੱਢਾਂਗੇ।

ਫਿਲਿੱਪੀਆਂ 4:13 ਉਹ ਦੇ ਵਿੱਚ ਜੋ ਮੈਨੂੰ ਬਲ ਦਿੰਦਾ ਹੈ ਮੈਂ ਸੱਭੋ ਕੁਝ ਕਰ ਸੱਕਦਾ ਹਾਂ।

**ਸਲੀਕਾ** - ਆਪਣੇ ਆਪ ਨੂੰ ਅਤੇ ਆਪਣੇ ਆਲੇ ਦੁਆਲੇ ਨੂੰ ਇਸ ਢੰਗ ਨਾਲ ਸਵਾਰਨਾ ਕਿ ਮੈਂ ਜਿਆਦਾ ਤੋਂ ਜਿਆਦਾ ਨਿਪੁੰਨ ਬਣ ਸਕਾਂ। ਆਪਣੇ ਬੱਚਿਆਂ ਨੂੰ ਸਿਖਾਓ ਕਿ ਜਿਵੇਂ ਹੀ ਉਹ ਸਵੇਰੇ ਉੱਠਦੇ ਹਨ, ਤਾਂ ਆਪਣੇ ਬਿਸਤਰੇ ਨੂੰ ਸਵਾਰਨ, ਆਪਣੇ ਕੱਪੜੇ, ਖਿਡਾਉਣੇ ਅਤੇ ਆਪਣੀਆਂ ਚੀਜ਼ਾਂ ਉਠਾਉਣ। ਉਨ੍ਹਾਂ ਨੂੰ ਸਿਖਾਓ ਕਿ ਜਦੋਂ ਉਹ ਕਿਸੇ ਚੀਜ਼ ਨੂੰ ਇਸਤੇਮਾਲ ਕਰਨ ਤਾਂ ਇਸਤੇਮਾਲ ਕਰਨ ਤੋਂ ਬਾਅਦ ਇਸ ਨੂੰ ਸਹੀ ਸਥਾਨ 'ਤੇ ਰੱਖਣ ਅਤੇ ਜੇਕਰ ਉਹ ਦੇਖਦੇ ਹਨ ਕਿ ਕੋਈ ਚੀਜ਼ ਆਪਣੇ ਸਥਾਨ 'ਤੇ ਨਹੀਂ ਹੈ ਤਾਂ ਉਸ ਨੂੰ ਵੀ ਉਸ ਦੇ ਸਹੀ ਸਥਾਨ 'ਤੇ ਰੱਖਣ, ਭਾਵੇਂ ਉਸ ਨੂੰ ਕਿਸੇ ਹੋਰ ਨੇ ਉੱਥੇ ਛੱਡਿਆ ਹੋਵੇ।

1 ਕੁਰਿੰਥੀਆਂ 14:40 ਪਰ ਸਾਰੀਆਂ ਗੱਲਾਂ ਢਬ ਸਿਰ ਅਤੇ ਜੁਗਤੀ ਨਾਲ ਹੋਣ।

**ਸੰਜਮ** - ਪਵਿੱਤਰ ਆਤਮਾ ਦੀ ਅਰੰਭਕ ਪ੍ਰੇਰਣਾ ਦੀ ਤੁਰੰਤ ਆਗਿਆਕਾਰੀ ਕਰਨਾ। ਬੱਚਿਆਂ ਨੂੰ ਇਹ ਸਿੱਖਣ ਵਿੱਚ ਸਹਾਇਤਾ ਕਰਨ ਲਈ ਕਿ ਉਨ੍ਹਾਂ ਨੂੰ ਸੰਜਮ ਸਿੱਖਣਾ ਅਤੇ ਇਸ ਦਾ ਇਸਤੇਮਾਲ ਕਰਨਾ ਚਾਹੀਦਾ ਹੈ ਅਤੇ ਉਹ ਇਹ ਕਰ ਸਕਦੇ ਹਨ, ਉਚਿਤ ਅਤੇ ਜ਼ਰੂਰੀ ਅਨੁਸ਼ਾਸਨ ਸਿਖਾਉਣਾ ਬਹੁਤ ਜ਼ਰੂਰੀ ਹੈ।

1 ਕੁਰਿੰਥੀਆਂ 7:5 ਤੁਸੀਂ ਇੱਕ ਦੂਏ ਤੋਂ ਅੱਡ ਨਾ ਹੋਵੋ ਪਰ ਥੋੜੇ ਚਿਰ ਲਈ ਅਰ ਇਹ ਵੀ ਤਦ ਜੇ ਦੋਹਾਂ ਧਿਰਾਂ ਦੀ ਸਲਾਹ ਹੋਵੇ ਤਾਂ ਜੋ ਤੁਹਾਨੂੰ ਪ੍ਰਾਰਥਨਾ ਕਰਨ ਲਈ ਵਿਹਲ ਮਿਲੇ ਅਤੇ ਫੇਰ ਇਕੱਠੇ ਹੋਵੋ ਭਈ ਸ਼ਤਾਨ ਤੁਹਾਡੇ **ਅਸੰਜਮ** ਦੇ ਕਾਰਨ ਤੁਹਾਨੂੰ ਨਾ ਪਰਤਾਵੇ।

1 ਕੁਰਿੰਥੀਆਂ 9:25 ਹਰੇਕ ਪਹਿਲਵਾਨ ਸਭਨੀਂ ਗੱਲੀਂ **ਸੰਜਮੀ** ਹੁੰਦਾ ਹੈ। ਸੋ ਉਹ ਤਾਂ ਨਾਸਵਾਨ ਸਿਹਰੇ ਨੂੰ ਪਰ ਅਸੀਂ ਅਵਿਨਾਸੀ ਸਿਹਰੇ ਨੂੰ ਲੈਣ ਲਈ ਇਹ ਕਰਦੇ ਹਾਂ।

ਗਲਾਤੀਆਂ 5:22-25 ਪਰ ਆਤਮਾ ਦਾ ਫਲ ਇਹ ਹੈ-ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, ਨਰਮਾਈ, **ਸੰਜਮ**। ਇਹੋ ਜੇਹੀਆਂ ਗੱਲਾਂ ਦੇ ਵਿਰੋਧ ਕੋਈ ਸ਼ਰਾ ਨਹੀਂ ਹੈ। ਅਤੇ ਜਿਹੜੇ ਮਸੀਹ ਯਿਸੂ ਦੇ ਹਨ ਉਨ੍ਹਾਂ ਨੇ ਸਰੀਰ ਨੂੰ ਉਹ ਦੀਆਂ ਕਾਮਨਾ ਅਤੇ ਵਿਸ਼ਿਆਂ ਸਣੇ ਸਲੀਬ ਉੱਤੇ ਚਾੜ੍ਹ ਦਿੱਤਾ। ਜੇ ਅਸੀਂ ਆਤਮਾ ਦੁਆਰਾ ਜੀਉਂਦੇ ਹਾਂ ਤਾਂ ਆਤਮਾ ਦੁਆਰਾ ਚੱਲੀਏ ਵੀ।

**ਨਮਰਤਾ** (ਘਮੰਡ ਦਾ ਦੂਸਰਾ ਪੱਖ)

ਇਹ ਪਛਾਨਣਾ ਕਿ ਮੇਰੇ ਜੀਵਨ ਦੀਆਂ ਉਪਲਬਧੀਆਂ ਲਈ ਪਰਮੇਸ਼ੁਰ ਅਤੇ ਦੂਸਰੇ ਜ਼ਿੰਮੇਵਾਰ ਹਨ।

ਯਾਕੂਬ 4:6 ਪਰ ਉਹ ਹੋਰ ਵੀ ਕਿਰਪਾ ਕਰਦਾ ਹੈ ਇਸ ਕਾਰਨ ਉਹ ਕਹਿੰਦਾ ਹੈ ਭਈ ਪਰਮੇਸ਼ੁਰ ਹੰਕਾਰੀਆਂ ਦਾ ਸਾਹਮਣਾ ਕਰਦਾ ਪਰ ਹਲੀਮਾਂ ਉੱਤੇ ਕਿਰਪਾ ਕਰਦਾ ਹੈ।

**ਤਰਸ** - ਦੂਸਰਿਆਂ ਦੀਆਂ ਚੋਟਾਂ ਨੂੰ ਚੰਗਾ ਕਰਨ ਲਈ ਜੋ ਵੀ ਜ਼ਰੂਰੀ ਹੈ ਉਹ ਦੇਣਾ।

1 ਯੂਹੰਨਾ 3:17 ਪਰ ਜਿਸ ਕਿਸੇ ਕੋਲ ਸੰਸਾਰ ਦੇ ਪਦਾਰਥ ਹੋਣ ਅਤੇ ਉਹ ਆਪਣੇ ਭਰਾ ਨੂੰ ਲੋੜਵੰਦ ਵੇਖ ਕੇ ਉਸ ਉੱਤੇ ਤਰਸ ਨਾ ਖਾਵੇ ਤਾਂ ਉਹ ਦੇ ਵਿੱਚ ਪਰਮੇਸ਼ੁਰ ਦਾ ਪ੍ਰੇਮ ਕਿਵੇਂ ਰਹਿੰਦਾ ਹੈ?

ਲੂਕਾ 10:30-37 ਨੇਕ ਸਾਮਰੀ

'ਸਾਡੇ ਪਤਣ ਹੋ ਚੁੱਕੇ ਸੁਭਾਅ' ਉੱਤੇ ਜਿੱਤ ਪਾਉਣ ਲਈ ਅਤੇ ਮਸੀਹੀਆਂ ਦੇ ਤੌਰ 'ਤੇ ਸਾਡਾ ਜੀਵਨ ਕੈਸਾ ਹੋ ਸਕਦ ਹੈ, ਇਸ ਸਭ ਦਾ ਅਨੁਭਵ ਕਰਨ ਲਈ ਬੱਚਿਆਂ ਨੂੰ ਸਿਖਾਉਣਾ ਬਿਲਕੁਲ ਜ਼ਰੂਰੀ ਹੈ।

ਅਤੇ ਇਹ ਸੇਵਾ ਅਤੇ ਕੰਮ ਮਾਪਿਆਂ ਨੂੰ ਦਿੱਤਾ ਗਿਆ ਹੈ।
ਅਗਲੀ ਪੀੜ੍ਹੀ ਦਾ ਭਵਿੱਖ ਮਾਪਿਆਂ ਦੇ ਹੱਥ ਵਿੱਚ ਹੈ।

ਗਲਾਤੀਆਂ 5:22-24 ਪਰ ਆਤਮਾ ਦਾ ਫਲ ਇਹ ਹੈ-**ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ,** (23) **ਨਰਮਾਈ, ਸੰਜਮ।** ਇਹੋ ਜੇਹੀਆਂ ਗੱਲਾਂ ਦੇ ਵਿਰੋਧ ਕੋਈ ਸ਼ਰਾ ਨਹੀਂ ਹੈ। (24) ਅਤੇ ਜਿਹੜੇ ਮਸੀਹ ਯਿਸੂ ਦੇ ਹਨ ਉਨ੍ਹਾਂ ਨੇ ਸਰੀਰ ਨੂੰ ਉਹ ਦੀਆਂ ਕਾਮਨਾ ਅਤੇ ਵਿਸ਼ਿਆਂ ਸਣੇ ਸਲੀਬ ਉੱਤੇ ਚਾੜ੍ਹ ਦਿੱਤਾ।

2 ਪਤਰਸ 1:2-11 ਪਰਮੇਸ਼ੁਰ ਅਤੇ ਯਿਸੂ ਸਾਡੇ ਪ੍ਰਭੂ ਦੇ ਗਿਆਨ ਦੇ ਰਾਹੀਂ ਤੁਹਾਡੇ ਲਈ ਕਿਰਪਾ ਅਤੇ ਸ਼ਾਂਤੀ ਵੱਧ ਤੋਂ ਵੱਧ ਹੁੰਦੀ ਜਾਵੇ। (3) ਜਦੋਂ **ਉਹ ਦੀ ਈਸ਼ੁਰੀ ਸਮਰੱਥਾ ਨੇ ਸੱਭੋ ਕੁਝ ਜੋ ਜੀਵਨ ਅਤੇ ਭਗਤੀ ਨਾਲ ਵਾਸਤਾ ਰੱਖਦਾ ਹੈ ਸਾਨੂੰ** ਓਸੇ ਦੇ ਗਿਆਨ ਦੇ ਦੁਆਰਾ **ਦਿੱਤਾ ਹੈ** ਜਿਹ ਨੇ ਆਪਣੇ ਹੀ ਪਰਤਾਪ ਅਤੇ ਗੁਣ ਨਾਲ ਸਾਨੂੰ ਸੱਦਿਆ। (4) ਜਿਨ੍ਹਾਂ ਦੇ ਰਾਹੀਂ ਉਹ ਨੇ ਸਾਨੂੰ ਅਮੋਲਕ ਅਤੇ ਵੱਡੇ ਵੱਡੇ ਵਾਇਦੇ ਦਿੱਤੇ ਹਨ ਭਈ ਤੁਸੀਂ ਓਸ ਵਿਨਾਸ ਤੋਂ ਛੁੱਟ ਕੇ ਜੋ ਕਾਮਨਾ ਦੇ ਕਾਰਨ ਜਗਤ ਵਿੱਚ ਹੈ ਉਨ੍ਹਾਂ ਦੇ ਦੁਆਰਾ **ਈਸ਼ੁਰੀ ਸੁਭਾਉ ਵਿੱਚ ਸਾਂਝੀ ਹੋ ਜਾਓ**। (5) ਸਗੋਂ ਇਸੇ ਕਾਰਨ ਤੁਸੀਂ ਆਪਣੀ ਵੱਲੋਂ **ਵੱਡਾ ਜਤਨ ਕਰ ਕੇ** ਆਪਣੀ ਨਿਹਚਾ ਨਾਲ **ਨੇਕੀ** ਅਤੇ ਨੇਕੀ ਨਾਲ **ਗਿਆਨ**। (6) ਅਤੇ ਗਿਆਨ ਨਾਲ **ਸੰਜਮ** ਅਤੇ ਸੰਜਮ ਨਾਲ **ਧੀਰਜ** ਅਤੇ ਧੀਰਜ ਨਾਲ **ਭਗਤੀ**। (7) ਅਤੇ ਭਗਤੀ ਨਾਲ **ਭਰੱਪਣ ਦਾ ਪ੍ਰੇਮ** ਅਤੇ ਭਰੱਪਣ ਦੇ ਪ੍ਰੇਮ ਨਾਲ **ਪ੍ਰੇਮ** ਨੂੰ ਵਧਾਈ ਜਾਓ। (8) ਕਿਉਂ ਜੋ ਏਹ ਗੁਣ ਜੇ ਤੁਹਾਡੇ ਵਿੱਚ ਹੋਣ
ਅਤੇ ਵਧਦੇ ਜਾਣ ਤਾਂ ਓਹ ਤੁਹਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਗਿਆਨ ਵਿੱਚ ਨਾ ਆਲਸੀ ਅਤੇ ਨਾ ਨਿਸਫਲ ਹੋਣ ਦੇਣਗੇ। (9) ਪਰ ਜਿਹ ਦੇ ਵਿੱਚ ਏਹ ਗੁਣ ਨਹੀਂ ਉਹ ਅੰਨ੍ਹਾਂ ਹੈ ਅਤੇ ਉਹ ਨੂੰ ਮੋਟਾ ਵਿਖਾਈ ਦਿੰਦਾ ਹੈ ਅਤੇ ਭੁੱਲ ਗਿਆ ਹੈ ਭਈ ਮੈਂ ਆਪਣੇ ਅਗਲੇ ਪਾਪਾਂ ਤੋਂ ਸ਼ੁੱਧ ਕੀਤਾ ਗਿਆ ਸਾਂ। (10) ਇਸ ਕਾਰਨ ਹੇ ਭਰਾਵੋ, ਆਪਣੇ ਸੱਦੇ ਜਾਣ ਅਤੇ ਚੁਣੇ ਜਾਣ ਨੂੰ ਪੱਕਿਆਂ ਕਰਨ ਦਾ **ਹੋਰ ਭੀ ਜਤਨ ਕਰੋ** ਕਿਉਂਕਿ **ਜੇ ਤੁਸੀਂ ਏਹ ਕੰਮ ਕਰੋ ਤਾਂ ਕਦੇ ਠੇਡਾ ਨਾ ਖਾਓਗੇ।** (11) ਕਿਉਂ ਜੋ ਇਸੇ ਪਰਕਾਰ ਤੁਹਾਨੂੰ ਸਾਡੇ ਪ੍ਰਭੂ ਅਤੇ ਮੁਕਤੀ ਦਾਤੇ ਯਿਸੂ ਮਸੀਹ ਦੇ **ਸਦੀਪਕ ਰਾਜ ਵਿੱਚ** ਵੱਡੀ ਖੁਲ੍ਹ ਨਾਲ **ਪਰਵੇਸ਼** ਕਰਨਾ ਮਿਲੇਗਾ।

ਯਾਦ ਰੱਖੋ:

ਜਿਸ ਚੀਜ਼ ਨੂੰ ਇੱਕ ਪੀੜ੍ਹੀ ਸੰਜਮ ਨਾਲ ਗ੍ਰਹਿਣ ਕਰਦੀ ਹੈ – ਪੱਕੀ ਸੰਭਾਵਨਾ ਹੈ ਕਿ ਅਗਲੀ ਪੀੜ੍ਹੀ ਉਸ ਨੂੰ ਅਗਲੇ ਪੱਧਰ 'ਤੇ ਲੈ ਜਾਵੇਗੀ।

ਇਸ ਲਈ, ਇਸ ਤੋਂ ਹੈਰਾਨ ਨਹੀਂ ਹੋਣਾ ਚਾਹੀਦਾ ਕਿ ਬੁਰਾਈ ਅਤੇ ਨੇਕੀ ਵਿਚਲਾ ਫਾਸਲਾ ਵਧਦਾ ਜਾ ਰਿਹਾ ਹੈ। ਕਲੀਸਿਯਾ ਹੋਰ ਜਿਆਦਾ ਧਰਮੀ ਹੋ ਰਹੀ ਹੈ (ਜੇਕਰ ਅਸੀਂ ਮਾਪੇ ਹੋਣ ਦੇ ਆਪਣੇ ਫਰਜ਼ ਨੂੰ ਨਿਭਾ ਰਹੇ ਹਾਂ) ਅਤੇ ਸੰਸਾਰ ਹੋਰ ਜਿਆਦਾ ਕੁਧਰਮੀ ਹੁੰਦਾ ਜਾ ਰਿਹਾ ਹੈ।

> ਨਾਲੇ ਸ਼ਰਾ ਭੀ ਆਈ ਭਈ ਅਪਰਾਧ ਬਾਹਲਾ ਹੋਵੇ ਪਰ ਜਿੱਥੇ ਪਾਪ ਬਾਹਲਾ ਹੋਇਆ ਉੱਥੇ ਹੀ ਕਿਰਪਾ ਅੱਤ ਵਧੀਕ ਹੋਈ। ਰੋਮੀਆਂ 5:20

> ਅਸੀਂ ਉਹ ਦੇ ਨਾਲ ਕੰਮ ਕਰਦੇ ਹੋਏ ਤੁਹਾਡੇ ਅੱਗੇ ਬੇਨਤੀ ਵੀ ਕਰਦੇ ਹਾਂ ਜੋ ਤੁਸੀਂ ਪਰਮੇਸ਼ੁਰ ਦੀ ਕਿਰਪਾ ਨੂੰ ਅਕਾਰਥ ਨਾ ਲਓ 2 ਕੁਰਿੰਥੀਆਂ 6:1

**ਪਰਮੇਸ਼ੁਰ ਤੁਹਾਡੇ ਉੱਤੇ** ਕਿਰਪਾ **ਕਰਦਾ ਹੈ** ਅਤੇ ਆਪਣੇ ਵਚਨ ਤੋਂ ਤੁਹਾਨੂੰ ਸਿੱਖਿਆ ਦਿੰਦਾ ਹੈ, ਤਾਂ ਕਿ ਤੁਸੀਂ ਆਪਣੇ ਬੱਚਿਆਂ ਨੂੰ "*ਧਰਮ ਦੇ ਰਾਹ ਵਿੱਚ*" ਚੱਲਣਾ ਸਿਖਾਓ।

ਦੂਸਰੇ ਸ਼ਬਦਾਂ ਵਿੱਚ, **ਉਹ ਤੁਹਾਡੀ ਸਹਾਇਤਾ ਕਰੇਗਾ ਕਿ ਤੁਸੀਂ ਇਹ ਕਰ ਸਕੋ:**

*ਬਾਲਕ ਨੂੰ ਉਹ ਦਾ **ਠੀਕ ਰਾਹ ਸਿਖਲਾ**, ਤਾਂ ਉਹ ਵੱਡਾ ਹੋ ਕੇ ਵੀ ਉਸ ਤੋਂ ਕਦੀ ਨਾ ਹਟੇਗਾ।* (ਕਹਾਉਤਾਂ 22:6)

ਅਤੇ ਇਸ ਵਿੱਚ ਵੀ ਸਹਾਇਤਾ ਕਰੇਗਾ ਕਿ:

**ਤੁਹਾਡੇ ਸਾਰੇ ਕੰਮ ਪ੍ਰੇਮ ਨਾਲ ਹੋਣ**। 1 ਕੁਰਿੰਥੀਆਂ 16:14

ਇਸ ਲਈ ਤੁਸੀਂ ਉਹ ਦੇ ਵਿੱਚ ਜੋ ਤੁਹਾਨੂੰ ਬਲ ਦਿੰਦਾ ਹੈ ਮੈਂ ਸੱਭੋ ਕੁਝ ਕਰ ਸਕਦੇ ਹੋ।

ਪ੍ਰਾਰਥਨਾ ਕਰੋ – ਮੰਗੋ – ਭਾਲੋ – ਖੜਕਾਓ – ਉਸ ਦੇ ਵਚਨ ਦਾ ਅਧਿਐਨ ਕਰੋ – ਆਪਣੇ ਬੱਚਿਆਂ ਨੂੰ ਸਿਖਾਓ

ਧੰਨਵਾਦ:
ਜੌਨ ਏ ਸਟੌਰਮਰ ਵੱਲੋਂ ਲਿਖੀ, Growing Up God's Way;
ਬਿਲ ਗੋਥਾਰਡ ਵੱਲੋਂ ਲਿਖੀ, Liberty Bell Press Character Sketches